@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

कौमी पत्रिका
Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Tuesday, 24 November 2026

Punjabi National Daily

VISIT: www.qaumipatrika.org
Email: qpatrika@gmail.com

नवीं दिॅल्ली: मंगलवार 24 नवंबर 2026, 11 मॅघर नानकशाही संमत 555 (सफ़े-12) मुॅल 3.00 रुपऐ

R.N.I. No. 39272/81— संपादक — गुरचरन सिंघ बॅबर — साल — 45, अंक 16, qpatrika@gmail.com फोन : 9971359517 www.qaumipatrika.org

नेपाल के प्रधान मंतरी नूँ दिॅली दौरे मौके वॅडी सौगात ! भारत ने 24,000 करोड़ दे आरथिक पैकेज दा कीता ऐलान

कौमी पत्रिका
सिमी कौर बॅबर

नवीं दिॅली 23 नवंबर। प्रधान मंतरी नरिंदर मोदी ने नेपाल दे प्रधान मंतरी बालेंदर शाह नाल वॅख-वॅख मुॅदिआं 'ते सोमवार नूँ व्यापक गॅलबात तों बाअद नेपाल लई 24,000 करोड़ नेपाली रुपऐ दे विकास पैकेज दा ऐलान कीता। दोवां नेतावां विचकार होई गॅलबात दे नतीजे वजों दुवॅलॅे सबंधां नूँ होर मज़बूत ??करन लई कई महॅतवपूरन फैसले लऐ गऐ। दोवां नेतावां ने नेपाल 'च भारती सहाइता नाल शुरू कीते गऐ कई प्राजैकटां दा डिजीटल रूप नाल नींह पॅथर रॅखिआ अते उॅतर प्रदेश 'च अजुॅधिआ अते नेपाल 'च जनकपुर धाम विचकार इक सरहॅद पार यातरी रेल सेवा नूँ हरी झंडी दिखाई। शाह दो-पॅखी संबंधां नूँ नवीं गती देन दे मकसद नाल ऐतवार नूँ 2 दिना दौरे 'ते नवीं दिॅली पुंहचे सन। भारत अते नेपाल विचकार लंबे समें तों चॅल रहे सरहॅदी विवाद नूँ हॅल करन दी प्रकिरिआ 'च चीन अते ब्रिटेन नूँ शामल करन संबंधी शाह दीआं मंई 'च कीतीआं गईआं टिॅपणीआं मगरों दोवां देशां दे संबंधां 'च कुझ तनाअ आ गिआ सी। नेपाल दे प्रधान मंतरी ने मीडीआ दे साहमणे आपणे बिआन 'च किहा, भारत अते नेपाल विचकार संबंध हिमालिआ वांग मज़बूत ??अते समुॅदरां वांग विशाल हन। उनॅां किहा,नेपाल 'च कुदरती आफ़तावां अते मुशकल सथितीआं दौरान भारत इक भरोसेमंद गुआंढी वजों हमेशा सभ तों पहिलें मदद लई अॅगे आइआ है। शाह ने किहा कि आपसी सतिकार, अटूॅट विशवास अते निरंतर सदभावना दोवां देशां दे संबंधां दा नींह पॅथर है। पीऐॅम मोदी ने आपणे



संबोधन 'च भारत-नेपाल संबंधां दी मज़बूती दा वी ज़िकर करदे होऐ किहा कि भारत गुआंढी देश दे विकास अते खुशहाली लई हर संभव सहाइता परदान करन लई वचनबॅध है। उनॅां किहा, भारत अते नेपाल विचकार संबंध सिरफ़ गुआंढी देशां दा नहीं है, सगों परिवारक संबंधां अते अटूॅट विशवास दा है। असीं इक दूजे दीआं खुशीआं अते चुनैंतीआं 'च सांझेदार हां।" पीऐॅम मोदी नें किहा,असीं इक-दूजे दी तरॅकी 'च भाईवाल हां अते मुशकल समें 'च इक दूजे लई सहियोग दा सरोत हां। प्रधान मंतरी ने अगसत 'च नेपाल 'च आऐ विनाशकारी हड़ॅां 'च होऐ जानी नुकसान लई भारत दी डूंघी हमदरदी परगट कीती। उनॅां किहा,अॅज, असीं नेपाल दे पुनर निरमाण अते लंबे समें दे विकास नूँ इक नवीं गती परदान करन लई 24,000 करोड़ नेपाली रुपऐ दे विकास सहियोग पैकेज दा ऐलान कीता है। पीऐॅम मोदी ने ऊरजा खेतर 'च नेपाल नूँ भारत दी सहाइता दा वी ज़िकर कीता। उनॅां किहा,भारत कई सालां तों नेपाल नूँ पैटरोलीअम उतपादां अते होर ज़रूरी वसतूआं दा इक भरोसेयोग सपलाईकरता रिहा है। आपणी 'गुआंढी पहिलां' नीती दी भावना नूँ धिआन 'च रॅखदे होऐ, असीं इस साल गंभीर तेल सपलाई चुनैंतीआं दे बावजूद नेपाल नूँ बालण, खाद अते होर ज़रूरी वसतूआं दी सपलाई जारी रॅखी है। दोवां देशां ने सिहत अते सिॅखिआ समेत वॅख-वॅख खेतरां 'च सहियोग वधाउन लई कई समझौंतिआं 'ते दसतखत कीते। शाह ने किहा कि परधान मंतरी मोदी नाल उनॅां दी गॅलबात दा उदेश नेपाल अते भारत विचकार सदीआं पुराने संबंधां नूँ होर मज़बूत ??अते आधुनिक बनाउना सी। नेपाली परधान मंतरी ने किहा, समें दी लोड़ नेपाल अते भारत दी सथाई दोसती दी मज़बूत ??नींह 'ते भविॅख दे सहियोग दे मज़बूत ??थंम?हां नूँ उसारना है। उनॅां किहा, मैंनूं विशवास है कि अॅज दी गॅलबात 'च असीं जिहड़े नतीजिआं 'ते पुंहचे हां, उह नेपाल अते भारत विचकार संबंधां नूँ नवीआं उचाईआं 'ते लै जाणगे।

नोटबंदी अते वोटबंदी इक ही सिॅके दे दो पहिलू : जैराम रमेश

कौमी पत्रिका
तेजिंदर कौर बॅबर

नवीं दिॅली, 23 नवंबर। कांगरस दे जनरल सकॅतर जैराम रमेश ने वीरवार नूँ दोश लाइआ कि नोटबंदी अते वोटबंदी इक ही सिॅके दे दो पहिलू हन किउंकि नोटबंदी राहीं आम आदमी दी कमाई अते रोज़ी-रोटी 'ते सॅट मारी गई सी, जदकि हुन वोटबंदी राहीं उस दे लोकतंतरी अधिकार अते आवाज़ नूँ निशाना बनाइआ जा रिहा है। जैराम रमेश ने 'ऐकस' 'ते इक पोसट 'च इह वी किहा कि सॅता दे हंकार 'च पहिलां जनता दी कमाई अते



रोज़ी-रोटी 'ते सॅट मारी गई सी अते हुन उस दी वोट अते आवाज़ 'ते सॅट मारी जा रही है। उनॅां किहा कि लोकतंतर 'च गरीबां, मज़दूरां, किसानां, वांझे वरगां, समाजिक तौर 'ते पॅछड़े वरगां, नौंजवानां अते मॅध वरग कोल आपणी गॅल मनवाउन दा सभ तों वॅडा हथिआर उनॅां दी वोट है। कांगरस दे जनरल सकॅतर ने दोश लाइआ कि जदों सरकार नूँ जनता दे फतवे दी परवाह नहीं रहिंदी तां उस दीआं नीतीआं 'च वी हंकार विखाई देन लॅगदा है। उनॅां दाअवा कीता कि अजिही सथिती 'च 2 मिॅतर पूंजीपतीआं दे कारपोरेट हिॅतां नूँ तरजीह मिलदी है, जदकि आम आदमी महिंगाई दा, नौंजवान बेरोज़गारी दा अते किसान आपणीआं मंगां नाल जुड़े संघरश दा साहमणा करदे हन। रमेश ने मनरेगा दी थां नवीं विवसथा लिआउन, कारपोरेट चंदे अते नीतीगत तरजीहां दा ज़िकर करदे होऐ दोश लाइआ कि इनॅां नाल आम नागरिकां, पेंडू मज़दूरां अते नौंजवानां दे अधिकार परभावित होऐ हन। जैराम रमेश ने किहा कि महिंगाई नाल आम लोकां दी जेब, बेरोज़गारी नाल नौंजवानां दे भविॅख अते वोटर सूची 'चों नां गाइब होन नाल सरकार चुनन अते उस तों जवाब मंगण दे अधिकार 'ते सॅट पुंहचदी है।

कानपुर दे 5 मंज़िला अपारटमैंट 'च भिआनक अॅग, जान बचाउन लई लोकां ने बालकोनी तों मारी छाल

कानपुर 23 नवंबर। उॅतर परदेश दे कानपुर विच सोमवार तड़के रामनारांइण बाज़ार सथित 5 मंज़िला रापिका अपारटमैंट विच भिआनक अॅग लॅगण कारन 2 लोकां दी मौत हो गई, जदकि 8-10 लोक झुलस गऐ। मृतकां विच 15 सालां पराॅजुल बाथम अते 48 सालां रापी साहू शामल हन। अॅग हेठली मंज़िल दी पारकिंग विच खड़े दोपहीआ वाहनां नूँ लॅगी अते देखदे ही देखदे पूरी इमारत धूंऐं नाल भर गई। पुलस कमिशनर रघुबीर लाल अनुसार अॅग सवेरे करीब साढे 4 वजे लॅगी। पराॅजुल दी अॅग विच झुलसण कारन मौत हो गई, जदकि रापी ने जान बचाउन लई तीजी मंज़िल तों छाल मार दिॅती। उह हेठां खड़े वैभव गुपता 'ते डिॅग पई। हादसे विच रापी दी मौत हो गई अते वैभव गंभीर रूप विच ज़खमी हो गिआ। पराॅजुल दी मां नीता वी करीब 40 फ़ीसदी झुलस गई है। जान बचाउन लई करीब 10 लोकां ने बालकोनी तों छाल मार दिॅती, जदकि कई लोक साड़ीआं अते चादरां दे सहारे नाल लॅगदी इमारत विच पहुंचे। फाइर ब्रिगेड मुलाज़मां ने 8 लोकां नूँ सुरॅखिअत बाहर कॅढिआ।

धारमिक समागमां 'च पशूआं दी हॅतिआ 'ते रोक लगाउन दी पटीशन सुपरीम करोट ने कीती खारज

नवीं दिॅली 23 नवंबर। सुपरीम कोरट ने मंदरां विच पशू बली समेत धारमिक समागमां दौरान पशूआं दी हॅतिआ 'ते पाबंदी लगाउन संबंधी इक पटीशन बुॅधवार नूँ खारज कर दिॅती। जसटिस विकरम नाथ, जसटिस आर. महादेवन अते जसटिस अपरेश कुमार सिंघ दी बैंच ने पटीशनर दीआं दलीलां सुनन तों बाअद पटीशन खारज कर दिॅती। वकील शुरूती बिशट वॅलों दाइर पटीशन विच पशू परती बेरहिमी रोकथाम ऐकट, 1960 दीआं उनॅां धारावां विच सोध करन दा हुकम देन दी अपील कीती गई सी, जो धारमिक गीती-रिवाजां अते पंरपरावां तहिति पशूआं दी बली/हॅतिआ नूँ छूट दिंदीआं हन। बैंच ने इस पटीशन विच किसे होर धिर नूँ दखल देन दी इजाज़त देन तों वी इनकार कर दिॅता अते किहा कि उह वॅखरे तौंर 'ते पटीशनां दाइर कर सकदे हन। पटीशन विच अधिकारीआं नूँ धारमिक समागमां दौरान पशूआं दी बली रोकन दे हुकम देन दी अपील कीती गई सी।

सत्यमेव जयते
दिॅली सरकार

सिॅख धरम दे पहिले गुरू

गुरू नानक देव जी

दे पावन परकाश पुरब दी

हारदिक वधाई अते शुॅभकामनावां



"गुरू नानक देव जी ने जिस 'मानव जाती' दा पाठ सानूं सिखाइआ सी, उसी 'ते चलदे होऐ देश 'सॅभ दा साथ, सॅभ दा विकास अते सॅभ दा विशवास' दे मंतर तों अॅगे वॅध रिहा है। इस मंतर दे नाल अॅज देश 'सॅभ दी कोशिश नूँ आपणी तागत बणा रिहा है।"

- नरेंदर मोदी, परधान मंतरी



नरेंदर मोदी
परधान मंतरी

रेखा गुपता
मुॅखमंतरी, दिॅली

DIP/Shabdarth/Display/133/26-27

ਕਾਰ ਦੀ ਟੱਕਰ ਨਾਲ ਮੋਟਰਸਾਈਕਲ ਸਵਾਰ ਦੀ ਮੌਤ, ਹਾਦਸੇ ਨੇ ਬੁਝਾਇਆ ਘਰ ਦਾ ਚਿਰਾਗ

ਕੌਮੀ ਪੜ੍ਹਿਕਾ

ਔੜ/ਚੱਕਦਾਨਾ 23 ਨਵੰਬਰ। ਪਿੰਡ ਕਰਿਆਮ ਦੇ ਬੱਸ ਅੱਡੇ ਨੇੜੇ ਸ਼ਰਾਬ ਦੇ ਠੇਕੇ ਕੋਲ ਬੀਤੀ ਰਾਤ ਇਕ ਤੇਜ਼ ਰਫ਼ਤਾਰ ਕਾਰ ਵੱਲੋਂ ਪਿੱਛਿਓਂ ਮੋਟਰਸਾਈਕਲ ਨੂੰ ਜ਼ੋਰਦਾਰ ਟੱਕਰ ਮਾਰਨ ਕਾਰਨ ਮੋਟਰਸਾਈਕਲ ਸਵਾਰ ਨੌਜਵਾਨ ਦੀ ਮੌਤ ਹੋ ਗਈ। ਇਸੇ ਕਾਰ ਦੇ ਚਾਲਕ ਵੱਲੋਂ ਇਸ ਤੋਂ ਪਹਿਲਾਂ ਇਕ ਧਾਰਮਿਕ ਸਥਾਨ ਨੇੜੇ ਦੋ ਲੜਕੀਆਂ ਨੂੰ ਵੀ ਟੱਕਰ ਮਾਰ ਕੇ ਜ਼ਖ਼ਮੀ ਕਰਨ ਦੀ ਗੱਲ ਸਾਹਮਣੇ ਆਈ ਹੈ। ਹਾਦਸੇ ਤੋਂ ਬਾਅਦ ਕਾਰ ਚਾਲਕ ਵਾਹਨ ਸਮੇਤ ਫ਼ਰਾਰ ਹੋ ਗਿਆ, ਜਿਸ ਦੀ ਪੁਲਸ ਵੱਲੋਂ ਭਾਲ ਕੀਤੀ ਜਾ ਰਹੀ ਹੈ। ਜਾਣਕਾਰੀ ਦਿੰਦੇ ਮ੍ਰਿਤਕ ਦੇ ਪਰਿਵਾਰਕ ਮੈਂਬਰ ਗੁਰਨਾਮ ਸਕੋਹਪੁਰੀ ਨੇ ਦੱਸਿਆ ਕਿ 47 ਸਾਲਾ ਬਲਵਿੰਦਰ ਪਾਲ ਉਰਫ਼ ਭਿੰਦਾ ਪੇਂਟਰ ਪੁੱਤਰ ਬਨਾਰਸੀ ਦਾਸ ਵਾਸੀ ਪਿੰਡ ਸਕੋਹਪਰ ਜੋ ਨਵਾਂਸ਼ਹਿਰ ਵੱਲੋਂ ਮੋਟਰਸਾਈਕਲ 'ਤੇ ਆਪਣੇ ਪਿੰਡ ਵਾਪਸ ਆ ਰਿਹਾ ਸੀ। ਜਿਸ ਦੇ ਪਿਤਾ ਪੀ. ਜੀ. ਆਈ. ਵਿਖੇ ਦਾਖ਼ਲ ਹਨ ਅਤੇ ਇਕ-ਦੋ ਦਿਨਾਂ ਵਿਚ ਉਨ੍ਹਾਂ ਦਾ ਆਪ੍ਰੇਸ਼ਨ ਹੋਣਾ ਸੀ। ਬਲਵਿੰਦਰ ਪਾਲ ਪਿਛਲੇ ਕਰੀਬ 20 ਦਿਨਾਂ ਤੋਂ ਪੀ. ਜੀ. ਆਈ. ਵਿਖੇ ਆਪਣੇ ਪਿਤਾ ਦੀ ਦੇਖਭਾਲ ਕਰ ਰਿਹਾ ਸੀ ਅਤੇ ਬੀਤੀ ਰਾਤ ਉੱਥੋਂ ਆਪਣੇ ਪਿੰਡ ਨੂੰ ਪਰਤ ਰਿਹਾ ਸੀ। ਉਨ੍ਹਾਂ ਦੱਸਿਆ ਕਿ ਜਦੋਂ ਬਲਵਿੰਦਰ ਪਾਲ ਰਾਤ ਕਰੀਬ 7 ਵਜੇ ਪਿੰਡ ਕਰਿਆਮ ਲੰਘ ਕੇ ਸ਼ਰਾਬ ਦੇ ਠੇਕੇ ਨੇੜੇ ਪਹੁੰਚਿਆ ਤਾਂ ਪਿੱਛਿਓਂ ਆ ਰਹੀ ਇਕ ਕਾਰ ਨੇ ਉਸ ਦੇ ਮੋਟਰਸਾਈਕਲ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ, ਟੱਕਰ ਇੰਨੀ ਭਿਆਨਕ ਸੀ ਕਿ ਉਹ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ ਅਤੇ ਮੌਕੇ 'ਤੇ ਹੀ ਦਮ ਤੋੜ ਗਿਆ। ਪਰਿਵਾਰਕ ਮੈਂਬਰਾਂ ਮੁਤਾਬਕ ਮੋਟਰਸਾਈਕਲ ਨਾਲ ਹੋਈ ਜ਼ਬਰਦਸਤ ਟੱਕਰ ਕਾਰਨ ਕਾਰ ਦਾ ਟਾਇਰ ਫਟ ਗਿਆ ਸੀ ਪਰ ਇਸ ਦੇ ਬਾਵਜੂਦ ਚਾਲਕ ਕਾਰ ਨੂੰ ਰੋਕਣ ਦੀ ਬਜਾਏ ਰਿੰਮ 'ਤੇ ਹੀ ਭਜਾ ਕੇ ਲੈ



ਗਿਆ ਅਤੇ ਬਾਅਦ 'ਚ ਉਹ ਪਿੰਡ ਸਾਹਲੋਂ ਤੋਂ ਕਮਾਮ ਨੂੰ ਜਾਂਦੇ ਕੱਚੇ ਰਸਤੇ 'ਤੇ ਕਾਰ ਛੱਡ ਕੇ ਮੌਕੇ ਤੋਂ ਫ਼ਰਾਰ ਹੋ ਗਿਆ। ਮੌਕੇ 'ਤੇ ਇਕੱਠੇ ਹੋਏ ਲੋਕਾਂ ਨੇ ਦੱਸਿਆ ਕਿ ਇਸ ਕਾਰ ਚਾਲਕ ਨੇ ਮੋਟਰਸਾਈਕਲ ਸਵਾਰ ਨੌਜਵਾਨ ਨੂੰ ਟੱਕਰ ਮਾਰਨ ਤੋਂ ਪਹਿਲਾਂ ਪਿੰਡ ਕਰਿਆਮ ਨੇੜੇ ਸਥਿਤ ਧਾਰਮਿਕ ਅਸਥਾਨ ਘੋੜੇ ਵਾਲੀ ਸਰਕਾਰ ਕੋਲ ਦੋ ਲੜਕੀਆਂ ਨੂੰ ਵੀ ਟੱਕਰ ਮਾਰ ਕੇ ਜ਼ਖ਼ਮੀ ਕਰ ਦਿੱਤਾ ਸੀ ਪੁਲਿਸ ਨੇ ਹਾਦਸੇ ਵਿੱਚ ਸ਼ਾਮਲ ਵਾਹਨਾਂ ਨੂੰ ਕਬਜ਼ੇ ਵਿੱਚ ਲੈ ਲਿਆ ਹੈ। ਮ੍ਰਿਤਕ ਦੀ ਲਾਸ਼ ਦਾ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ। ਪੁਲਸ ਵੱਲੋਂ ਫ਼ਰਾਰ ਕਾਰ ਚਾਲਕ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਉਹ ਕਿੱਥੋਂ ਦਾ ਰਹਿਣ ਵਾਲਾ ਹੈ ਅਤੇ ਇਲਾਕੇ ਵਿਚ ਕਿਸ ਕੰਮ ਲਈ ਆਇਆ ਸੀ। ਬਲਵਿੰਦਰ ਪਾਲ ਦੀ ਮੌਤ ਨਾਲ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ ਅਤੇ ਮ੍ਰਿਤਕ ਆਪਣੇ ਪਿੱਛੇ ਪਤਨੀ ਅਤੇ ਤਿੰਨ ਬੱਚੇ ਛੱਡ ਗਿਆ ਹੈ। ਇਸ ਹਾਦਸੇ ਕਾਰਨ ਪਰਿਵਾਰਕ ਮੈਂਬਰਾਂ ਅਤੇ ਪਿੰਡ ਵਾਸੀਆਂ ਵਿਚ ਸੋਗ ਦੀ ਲਹਿਰ ਹੈ ਕਿਉਂਕਿ ਇਕ ਪਾਸੇ ਉਸਦਾ ਪਿਤਾ ਪੀ. ਜੀ. ਆਈ. ਵਿਚ ਜ਼ਿੰਦਗੀ ਅਤੇ ਮੌਤ ਦੀ ਜੰਗ ਲੜ ਰਿਹਾ ਹੈ ਦੂਜੇ ਪਾਸੇ ਉਹ ਆਪਣੇ ਪਿਤਾ ਨੂੰ ਬਚਾਉਣ ਦੀ ਕੋਸ਼ਿਸ਼ ਕਰਦਾ ਹੋਇਆ ਹੀ ਇਸ ਦੁਨੀਆ ਤੋਂ ਰੁਖਸਤ ਹੋ ਗਿਆ ਜੋ ਆਪਣੇ ਘਰ ਦਾ ਇਕਲੌਤਾ ਚਿਰਾਗ ਸੀ, ਜਿਸ ਦੇ ਇਕ ਭਰਾ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ।

ਪੰਜਾਬ ਪੁਲਸ ਨੇ ਫੜ ਲਏ ਵਿਦੇਸ਼ੀ ਗੈਂਗਸਟਰਾਂ ਦੇ ਕਰਿੰਦੇ, 2 ਬੰਦਿਆਂ ਦਾ ਕਰਨਾ ਸੀ ਕਤਲ

ਫ਼ਰੀਦਕੋਟ 23 ਨਵੰਬਰ। ਪੰਜਾਬ ਪੁਲਸ ਨੇ ਵਿਦੇਸ਼ੀ ਗੈਂਗਸਟਰ ਦੇ ਚਾਰ ਸਾਥੀਆਂ ਨੂੰ ਮਾਰੂ ਹਥਿਆਰਾਂ ਸਣੇ ਗ੍ਰਿਫ਼ਤਾਰ ਕੀਤਾ ਹੈ। ਇਹ ਕਾਰਵਾਈ ਪੰਜਾਬ ਪੁਲਸ ਦੀ ਐਂਟੀ ਗੈਂਗਸਟਰ ਟਾਸਕ ਫ਼ੋਰਸ ਨੇ ਫ਼ਰੀਦਕੋਟ ਪੁਲਸ ਅਤੇ ਸਪੈਸ਼ਲ ਟਾਸਕ ਫ਼ੋਰਸ ਹਰਿਆਣਾ ਨਾਲ ਸਾਂਝੇ ਤੌਰ 'ਤੇ ਚਲਾਏ ਗਏ ਆਪ੍ਰੇਸ਼ਨ ਤਹਿਤ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੀ ਡੀ. ਜੀ. ਪੀ. ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਇਕ ਵਿਦੇਸ਼ੀ ਗੈਂਗਸਟਰ ਨਾਲ ਜੁੜੇ ਹੋਏ ਸਨ। ਮੁਲਜ਼ਮਾਂ ਕੋਲੋਂ ਤਿੰਨ ਪਿਸਤੌਲਾਂ (ਇਕ .32 ਅਤੇ ਦੋ .30 ਕੈਲੀਬਰ) ਦੇ ਨਾਲ-ਨਾਲ 11 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ।ਇਸ ਮਾਮਲੇ ਵਿਚ ਥਾਣਾ ਸਦਰ ਕੋਟਕਪੂਰਾ ਵਿਖੇ ਐੱਫ.ਆਈ.ਆਰ. ਦਰਜ ਕੀਤੀ ਗਈ ਹੈ ਡੀ. ਜੀ. ਪੀ. ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਮੁਲਜ਼ਮ ਵਿਦੇਸ਼ੀ ਗੈਂਗਸਟਰ ਨਾਲ ਸਿੱਧੇ ਸੰਪਰਕ ਵਿਚ ਸਨ ਅਤੇ ਕਥਿਤ ਤੌਰ 'ਤੇ ਉਸ ਦੇ ਨਿਰਦੇਸ਼ਾਂ 'ਤੇ ਕੋਟਕਪੂਰਾ ਖੇਤਰ ਵਿਚ 2 ਵਿਅਕਤੀਆਂ ਨੂੰ ਮਾਰਨ ਦੀ ਯੋਜਨਾ ਬਣਾ ਰਹੇ ਸਨ। ਉਨ੍ਹਾਂ ਦੀ ਸਮੇਂ ਸਿਰ ਗ੍ਰਿਫ਼ਤਾਰੀ ਨੇ 2 ਟਾਰਗੇਟ ਕਿਲਿੰਗਾਂ ਨੂੰ ਅੰਜਾਮ ਦੇਣ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ। ਡੀ. ਜੀ. ਪੀ. ਨੇ ਇਹ ਵੀ ਦੱਸਿਆ ਕਿ ਚਾਰੋ ਮੁਲਜ਼ਮ ਅਪਰਾਧਿਕ ਪਿਛੋਕੜ ਦੇ ਹਨ।

ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੁਲਸ 'ਚ ਵੱਡੇ ਪੱਧਰ 'ਤੇ ਤਬਾਦਲੇ

ਬੁਢਲਾਡਾ 23 ਨਵੰਬਰ। ਪੰਜਾਬ 'ਚ ਆਉਣ ਵਾਲੀਆਂ 2027 ਵਿਧਾਨ ਸਭਾ ਚੋਣਾਂ ਨੂੰ ਮੱਦੇਨਜ਼ਰ ਡੀ.ਆਈ.ਜੀ. ਬਠਿੰਡਾ ਰੇਂਜ ਹਰਜੀਤ ਸਿੰਘ ਵੱਲੋਂ ਪੁਲਸ ਵਿਭਾਗ 'ਚ ਵੱਡੇ ਪੱਧਰ 'ਤੇ ਤਬਾਦਲੇ ਕੀਤੇ ਗਏ ਹਨ। ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਇੰਸਪੈਕਟਰਾਂ ਅਤੇ ਸਹਾਇਕ ਸਬ-ਇੰਸਪੈਕਟਰਾਂ ਸਮੇਤ ਕੁੱਲ 30 ਪੁਲਸ ਅਧਿਕਾਰੀਆਂ ਦੇ ਤਬਾਦਲੇ ਕੀਤੇ ਗਏ ਹਨ। ਇਨ੍ਹਾਂ 'ਚ ਮਾਨਸਾ ਅਤੇ ਬਠਿੰਡਾ ਜ਼ਿਲ੍ਹਿਆਂ ਦੇ ਅਧਿਕਾਰੀਆਂ ਦੀ ਅਦਲਾ-ਬਦਲੀ ਕੀਤੀ ਗਈ ਹੈ। ਮਾਨਸਾ ਤੋਂ ਬਠਿੰਡਾ ਤਬਦੀਲ ਕੀਤੇ ਗਏ ਅਧਿਕਾਰੀ : ਇੰਸਪੈਕਟਰ ਗਗਨਦੀਪ ਕੌਰ, ਨੰਬਰ 121, ਇੰਸਪੈਕਟਰ ਪਰਮਜੀਤ ਕੌਰ, ਨੰਬਰ 174, ਇੰਸਪੈਕਟਰ ਰੁਪਿੰਦਰ ਕੌਰ, ਨੰਬਰ 145, ਏ.ਐੱਸ.ਆਈ. ਭਗਵੰਤ ਸਿੰਘ, ਨੰਬਰ 185, ਏ.ਐੱਸ.ਆਈ. ਸੁਰਜੀਤ ਸਿੰਘ, ਨੰਬਰ 221, ਏ.ਐੱਸ.ਆਈ. ਮੇਲਾ ਸਿੰਘ, ਨੰਬਰ 443, ਏ. ਐੱਸ. ਆਈ. ਨਛੱਤਰ ਸਿੰਘ, ਨੰਬਰ 398, ਏ.ਐੱਸ.ਆਈ. ਯਾਦਵਿੰਦਰ ਸਿੰਘ, ਨੰਬਰ 425, ਏ. ਐੱਸ. ਆਈ. ਕਰਮਜੀਤ ਕੌਰ, ਨੰਬਰ 698, ਏ. ਐੱਸ. ਆਈ. ਦਰਸ਼ਨ ਸਿੰਘ, ਨੰਬਰ 476, ਏ. ਐੱਸ. ਆਈ. ਬਲਦੇਵ ਸਿੰਘ, ਨੰਬਰ 439। ਬਠਿੰਡਾ ਤੋਂ ਮਾਨਸਾ ਤਬਦੀਲ ਕੀਤੇ ਗਏ ਅਧਿਕਾਰੀ : ਇੰਸਪੈਕਟਰ ਤਰਨਦੀਪ ਸਿੰਘ, ਨੰਬਰ 162,ਇੰਸਪੈਕਟਰ ਬਾਘਪਰਮ ਪਾਰਸ ਚਾਹਲ, ਨੰਬਰ 182, ਇੰਸਪੈਕਟਰ ਬੈਅੰਤ ਸਿੰਘ, ਨੰਬਰ 179, ਇੰਸਪੈਕਟਰ ਵਿਪਨ ਚਾਹਲ, ਨੰਬਰ 118, ਏ. ਐੱਸ. ਆਈ. ਜਗਸੀਰ ਸਿੰਘ, ਨੰਬਰ 660, ਏ. ਐੱਸ. ਆਈ. ਅੰਮ੍ਰਿਤਪਾਲ ਸਿੰਘ, ਨੰਬਰ 971, ਏ. ਐੱਸ. ਆਈ. ਕੋਰ ਸਿੰਘ, ਨੰਬਰ 1833, ਏ. ਐੱਸ. ਆਈ. ਫਰਵਿੰਦਰ ਸਿੰਘ, ਨੰਬਰ 792, ਏ. ਐੱਸ. ਆਈ. ਕੋਰ ਸਿੰਘ, ਨੰਬਰ 576। ਡੀ. ਆਈ. ਜੀ. ਬਠਿੰਡਾ ਰੇਂਜ ਹਰਜੀਤ ਸਿੰਘ ਵੱਲੋਂ ਜਾਰੀ ਹੁਕਮਾਂ ਤੋਂ ਬਾਅਦ ਸਬੰਧਤ ਅਧਿਕਾਰੀਆਂ ਨੂੰ ਨਵੀਆਂ ਤਾਇਨਾਤੀਆਂ ਵਾਲੇ ਸਥਾਨਾਂ 'ਤੇ ਡਿਊਟੀ ਸੰਭਾਲਣ ਦੇ ਨਿਰਦੇਸ਼ ਦਿੱਤੇ ਗਏ ਹਨ।

NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

[RUPESH KUMAR ROUSHAN]
Advocate
D-803, Nandgram, Ghaziabad,
Uttar Pradesh 201003
roushan.rupesh@gmail.com

NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

Shyam Sharma (Adv)

PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

ARJUN BIDHURI Advocate
CH. NO.536, Saket Courts
New Delhi-110017.

NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

NAME CHANGE
I, Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR-2211-005020356. The actual name of mine is INDU CHAUHAN which may be amended accordingly

PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

PUBLIC NOTICE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/

ਪੰਜਾਬ 'ਚ ਲੂੰ-ਕੰਡੇ ਖੜ੍ਹੇ ਕਰ ਦੇਣ ਵਾਲੀ ਵਾਰਦਾਤ ! ਮੁੰਡੇ ਦਾ ਹੱਥ ਵੱਢ ਕੇ ਗੁਆਂਢੀ ਨੂੰ ਫੜਾਇਆ ਤੇ ਫ਼ਿਰ...

ਕੌਮੀ ਪੜ੍ਹਿਕਾ

ਲੁਧਿਆਣਾ 23 ਨਵੰਬਰ। ਮਹਾਨਗਰ ਦੇ ਥਾਣਾ ਡਾਬਾ ਦੇ ਅਧੀਨ ਆਉਂਦੇ ਇਲਾਕੇ ਬਾਗੀ ਸਟੈਂਡ 'ਤੇ ਸ਼ਨੀਵਾਰ ਨੂੰ ਇਕ ਅਜਿਹੀ ਖੌਫ਼ਨਾਕ ਅਤੇ ਦਿਲ ਦਹਿਲਾ ਦੇਣ ਵਾਲੀ ਵਾਰਦਾਤ ਸਾਹਮਣੇ ਆਈ, ਜਿਸ ਨੇ ਪੂਰੇ ਇਲਾਕੇ ਵਿਚ ਦਹਿਸ਼ਤ ਫੈਲਾ ਦਿੱਤੀ। ਅਣਪਛਾਤੇ ਮੋਟਰਸਾਈਕਲ ਸਵਾਰ ਬਦਮਾਸ਼ਾਂ ਨੇ ਫਿਲਮੀ ਅੰਦਾਜ਼ ਵਿਚ ਇਕ ਕਰਿਆਨਾ ਸਟੋਰ ਦੇ ਮਾਲਕ ਨੂੰ ਚਿੱਟੇ ਰੰਗ ਦਾ ਲਿਫ਼ਾਫ਼ਾ ਫੜਾਇਆ ਅਤੇ ਗੁਆਂਢੀਆਂ ਨੂੰ ਜਾਨਲੇਵਾ ਧਮਕੀ ਦੇ ਕੇ ਫ਼ਰਾਰ ਹੋ ਗਏ। ਜਦੋਂ ਦੁਕਾਨਦਾਰ ਨੇ ਲਿਫ਼ਾਫ਼ਾ ਖੋਲ੍ਹ ਕੇ ਦੇਖਿਆ ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ; ਲਿਫ਼ਾਫ਼ੇ ਦੇ ਅੰਦਰ ਕਿਸੇ ਇਨਸਾਨ ਦਾ ਵੱਢਿਆ ਹੋਇਆ ਹੱਥ ਪਿਆ ਸੀ। ਇਹ ਖ਼ਬਰ ਫੈਲਦਿਆਂ ਹੀ ਪੂਰੇ ਬਾਜ਼ਾਰ ਅਤੇ ਰਿਹਾਇਸ਼ੀ ਇਲਾਕੇ ਵਿਚ ਭਾਰੀ ਸਨਸਨੀ ਅਤੇ ਹਫੜਾ-ਦਫੜੀ ਮੱਚ ਗਈ। ਪੁਲਸ ਨੇ ਵੱਢੇ ਹੋਏ ਹੱਥ ਨੂੰ ਕਬਜ਼ੇ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ, ਜਦਕਿ ਸੂਚਨਾ ਦੇ ਬਾਵਜੂਦ ਲਗਭਗ ਡੇਢ ਘੰਟੇ ਦੀ ਦੇਰੀ ਨਾਲ ਪਹੁੰਚਣ 'ਤੇ ਸਥਾਨਕ ਲੋਕਾਂ ਨੇ ਪੁਲਸ ਪ੍ਰਸ਼ਾਸਨ ਖ਼?ਲਾਫ਼ ਭਾਰੀ ਰੋਸ ਪ੍ਰਗਟਾਇਆ ਹੈ। ਜਾਣਕਾਰੀ ਮੁਤਾਬਕ, ਬਾਗੀ ਸਟੈਂਡ 'ਤੇ ਸਥਿਤ ਇਕ ਕਰਿਆਨਾ ਸਟੋਰ 'ਤੇ ਦੁਕਾਨਦਾਰ ਰੋਜ਼ਾਨਾ ਵਾਂਗ ਆਪਣੀ ਦੁਕਾਨਦਾਰੀ ਕਰ ਰਿਹਾ ਸੀ। ਉਦੋਂ ਹੀ ਇਕ ਮੋਟਰਸਾਈਕਲ 'ਤੇ ਸਵਾਰ ਹੋ ਕੇ ਅਣਪਛਾਤੇ ਨੌਜਵਾਨ ਦੁਕਾਨ ਦੇ ਸਾਹਮਣੇ ਆ ਕੇ ਰੁਕੇ। ਬਾਈਕ ਸਵਾਰ ਨੌਜਵਾਨਾਂ ਨੇ ਦੁਕਾਨਦਾਰ ਵੱਲ ਇਕ ਚਿੱਟੇ



ਰੰਗ ਦਾ ਲਿਫ਼ਾਫ਼ਾ ਵਧਾਉਂਦੇ ਹੋਏ ਕਿਹਾ ਕਿ ਇਹ ਲਿਫ਼ਾਫ਼ਾ ਆਪਣੇ ਗੁਆਂਢੀਆਂ ਨੂੰ ਸੌਂਪ ਦੇਣਾ ਅਤੇ ਉਨ੍ਹਾਂ ਨੂੰ ਇਹ ਸੁਨੇਹਾ ਵੀ ਦੇ ਦੇਣਾ ਕਿ ਜੇਕਰ ਉਹ ਨਾ ਸੁਧਰੇ ਤਾਂ ਉਨ੍ਹਾਂ ਦਾ ਵੀ ਇਹੋ ਹਾਲ ਹੋਵੇਗਾ। ਇਹ ਖੌਫ਼ਨਾਕ ਚੇਤਾਵਨੀ ਦੇ ਕੇ ਮੁਲਜ਼ਮ ਤੇਜ਼ੀ ਨਾਲ ਬਾਈਕ ਭਗਾ ਕੇ ਮੌਕੇ ਤੋਂ ਫ਼ਰਾਰ ਹੋ ਗਏ। ਬਦਮਾਸ਼ਾਂ ਦੇ ਜਾਣ ਤੋਂ ਬਾਅਦ ਜਦੋਂ ਦੁਕਾਨਦਾਰ ਨੇ ਸ਼ੱਕ ਹੋਣ 'ਤੇ ਉਸ ਚਿੱਟੇ ਲਿਫ਼ਾਫ਼ੇ ਨੂੰ ਖੋਲ੍ਹਿਆ, ਤਾਂ ਖੌਫ਼ਨਾਕ ਮੰਜ਼ਰ ਦੇਖ ਕੇ ਉਸ ਦੀ ਚੀਕ ਨਿਕਲ ਗਈ। ਲਿਫ਼ਾਫ਼ੇ ਦੇ ਅੰਦਰ ਇਕ ਵਿਅਕਤੀ ਦਾ ਗੁੱਟ ਦੇ ਕੋਲੋਂ ਕੱਟਿਆ ਹੋਇਆ ਹੱਥ ਪਿਆ ਸੀ, ਜਿਸ ਵਿਚੋਂ ਖ਼ੂਨ ਰਿਸ ਰਿਹਾ ਸੀ। ਦੁਕਾਨਦਾਰ ਦਾ ਰੌਲਾ ਸੁਣ ਕੇ ਆਸ-ਪਾਸ ਦੇ ਦੁਕਾਨਦਾਰ ਅਤੇ ਸਥਾਨਕ ਨਿਵਾਸੀ ਮੌਕੇ 'ਤੇ ਇਕੱਠੇ ਹੋ ਗਏ। ਦੇਖਦਿਆਂ ਹੀ ਦੇਖਦਿਆਂ ਪੂਰੇ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ ਅਤੇ ਲੋਕ ਆਪਣੀ ਸੁਰੱਖਿਆ ਨੂੰ ਲੈ ਕੇ ਸਹਿਮ ਗਏ। ਮੁੱਢਲੀ ਜਾਂਚ ਅਤੇ ਸਥਾਨਕ ਸਰੋਤਾਂ ਤੋਂ ਮਿਲੀ ਜਾਣਕਾਰੀ ਅਨੁਸਾਰ, ਇਸ ਸਨਸਨੀਖੇਜ਼ ਵਾਰਦਾਤ ਦੇ ਤਾਰ ਰੇਰੂ ਸਾਹਿਬ ਗੁਰਦੁਆਰਾ ਸਾਹਿਬ ਦੇ ਕੋਲ ਸਵੇਰੇ ਹੋਏ ਇਕ ਵਿਵਾਦ ਨਾਲ ਜੁੜਦੇ ਨਜ਼ਰ ਆ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਸ਼ਨੀਵਾਰ ਸਵੇਰੇ ਰੇਰੂ ਸਾਹਿਬ ਦੇ ਕੋਲ ਦੋ ਧਿਰਾਂ ਵਿਚਕਾਰ ਖ਼ੂਨੀ ਤਕਰਾਰ ਅਤੇ ਹਿੰਸਕ ਝੜਪ ਹੋਈ ਸੀ। ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਉਸੇ ਝਗੜੇ ਦੌਰਾਨ ਤੇਜ਼ਧਾਰ ਹਥਿਆਰਾਂ ਨਾਲ ਵਾਰ ਕਰਕੇ ਕਿਸੇ ਨੌਜਵਾਨ ਦਾ ਹੱਥ ਸਰੀਰ ਤੋਂ ਵੱਖ ਕਰ ਦਿੱਤਾ ਗਿਆ ਸੀ। ਹਾਲਾਂਕਿ, ਜਿਸ ਵਿਅਕਤੀ ਦਾ ਹੱਥ ਕੱਟਿਆ ਗਿਆ ਹੈ, ਉਹ ਜ਼ਖ਼ਮੀ ਨੌਜਵਾਨ ਅਜੇ ਤੱਕ ਲਾਪਤਾ ਹੈ ਅਤੇ ਉਸ ਦਾ ਕੋਈ ਸੁਰਾਗ ਨਹੀਂ ਮਿਲ ਸਕਿਆ ਹੈ। ਪੁਲਸ ਹਸਪਤਾਲ ਅਤੇ ਆਸ-ਪਾਸ ਦੇ ਟਿਕਾਣਿਆਂ 'ਤੇ ਜ਼ਖ਼ਮੀ ਦੀ ਭਾਲ ਕਰ ਰਹੀ ਹੈ। ਘਟਨਾ ਦੀ ਸੂਚਨਾ ਤੁਰੰਤ ਪੁਲਸ ਕੰਟਰੋਲ ਰੂਮ ਅਤੇ ਥਾਣਾ ਡਾਬਾ ਨੂੰ ਦਿੱਤੀ ਗਈ, ਪਰ ਸਥਾਨਕ ਲੋਕਾਂ ਦਾ ਗੰਭੀਰ ਦੋਸ਼ ਹੈ ਕਿ ਇੰਨੀ ਸੰਗੀਨ ਅਤੇ ਸੰਵੇਦਨਸ਼ੀਲ ਘਟਨਾ ਹੋਣ ਦੇ ਬਾਵਜੂਦ ਪੁਲਸ ਟੀਮ ਲਗਭਗ ਡੇਢ ਘੰਟੇ ਦੀ ਦੇਰੀ ਨਾਲ ਘਟਨਾ ਸਥਾਨ 'ਤੇ ਪਹੁੰਚੀ। ਵਪਾਰੀਆਂ ਅਤੇ ਨਿਵਾਸੀਆਂ ਨੇ ਪੁਲਸ ਦੀ ਸੁਸਤ ਕਾਰਜਪ੍ਰਣਾਲੀ 'ਤੇ ਕੜਾ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਉਦਯੋਗਿਕ ਨਗਰੀ ਵਿਚ ਕਾਨੂੰਨ ਦਾ ਖ਼ੌਫ਼ ਖ਼ਤਮ ਹੋ ਚੁੱਕਾ ਹੈ ਅਤੇ ਅਪਰਾਧੀ ਸ਼ਰੇਆਮ ਅਜਿਹੀਆਂ ਵਹਿਸ਼ੀਆਨਾ ਹਰਕਤਾਂ ਨੂੰ ਅੰਜਾਮ ਦੇ ਕੇ ਫ਼ਰਾਰ ਹੋ ਰਹੇ ਹਨ। ਘਟਨਾ ਸਥਾਨ 'ਤੇ ਪਹੁੰਚੇ ਪੁਲਸ ਅਧਿਕਾਰੀਆਂ ਨੇ ਕੱਟੇ ਹੋਏ ਹੱਥ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਸੁਰੱਖਿਅਤ ਕਰਵਾ ਦਿੱਤਾ ਹੈ ਅਤੇ ਉਸ ਨੂੰ ਫੋਰੈਂਸਿਕ ਤੇ ਮੈਡੀਕਲ ਜਾਂਚ ਲਈ ਸਿਵਲ ਹਸਪਤਾਲ ਭੇਜ ਦਿੱਤਾ ਹੈ। ਥਾਣਾ ਡਾਬਾ ਦੀ ਪੁਲਿਸ ਦਾ ਕਹਿਣਾ ਹੈ ਕਿ ਬਾਗੀ ਸਟੈਂਡ ਅਤੇ ਰੇਰੂ ਸਾਹਿਬ ਮਾਰਗ 'ਤੇ ਲੱਗੇ ਸਾਰੇ ਸੀਸੀਟੀਵੀ (33"ੋ) ਕੈਮਰਿਆਂ ਦੀ ਰਿਕਾਰਡਿੰਗ ਖੰਗਾਲੀ ਜਾ ਰਹੀ ਹੈ, ਤਾਂ ਜੋ ਲਿਫ਼ਾਫ਼ਾ ਸੁੱਟਣ ਵਾਲੇ ਬਾਈਕ ਸਵਾਰਾਂ ਦੇ ਰੂਟ ਅਤੇ ਉਨ੍ਹਾਂ ਦੀ ਪਛਾਣ ਦਾ ਪਤਾ ਲਗਾਇਆ ਜਾ ਸਕੇ। ਪੁਲਸ ਅਧਿਕਾਰੀਆਂ ਦਾ ਦਾਅਵਾ ਹੈ ਕਿ ਜ਼ਖ਼ਮੀ ਨੌਜਵਾਨ ਦੀ ਭਾਲ ਤੇਜ਼ ਕਰ ਦਿੱਤੀ ਗਈ ਹੈ ਅਤੇ ਆਪਸੀ ਰੰਜਿਸ਼ ਦੇ ਇਸ ਪੂਰੇ ਖ਼ੂਨੀ ਖੇਡ ਦਾ ਜਲਦ ਪਰਦਾਫ਼ਾਸ਼ ਕਰਕੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ।

ਕਹਿਰ ਓ ਰੱਬਾ ! ਚੜ੍ਹਦੀ ਜਵਾਨੀ ਜਹਾਨੋਂ ਤੁਰ ਗਿਆ ਮਾਪਿਆਂ ਦਾ ਪੁੱਤ, ਭਿਆਨਕ ਹਾਦਸੇ 'ਚ ਗਈ ਜਾਨ

ਕੌਮੀ ਪੜ੍ਹਿਕਾ

ਨਡਾਲਾ 23 ਨਵੰਬਰ। ਪਿੰਡ ਦਮੂਲੀਆਂ ਤੋਂ ਸੈਤਪੁਰ ਨੂੰ ਜਾਂਦੀ ਲਿੰਕ ਸੜਕ 'ਤੇ ਸਥਾਨਕ ਕਾਲਜ ਦੀ ਬੱਸ ਅਤੇ ਮੋਟਰਸਾਈਕਲ ਵਿਚਾਲੇ ਹੋਈ ਟੱਕਰ ਦੌਰਾਨ 19 ਸਾਲਾ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਪਛਾਣ ਅਮਰਪ੍ਰੀਤ ਸਿੰਘ (19) ਪੁੱਤਰ ਜਸਵੀਰ ਸਿੰਘ ਵਾਸੀ ਪਿੰਡ ਦਬੁਰਜੀ, ਅੰਮ੍ਰਿਤਸਰ ਵਜੋਂ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਮ੍ਰਿਤਕ ਨੌਜਵਾਨ ਦੇ ਪਿਤਾ ਜਸਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਅਮਰਪ੍ਰੀਤ ਸਿੰਘ ਪਿਛਲੇ ਕਰੀਬ 15-20 ਦਿਨਾਂ ਤੋਂ ਪਿੰਡ ਰਾਏਪੁਰ ਪੀਰ ਬਖ਼ਸ਼ ਵਿਖੇ ਆਪਣੇ ਨਾਨਕੇ ਘਰ, ਮਾਮਾ ਕੇਹਰ ਸਿੰਘ ਕੋਲ ਰਹਿ ਰਿਹਾ ਸੀ। ਉਨ੍ਹਾਂ ਦੱਸਿਆ ਕਿ ਅਮਰਪ੍ਰੀਤ ਸਿੰਘ ਅੰਮ੍ਰਿਤਸਰ ਵਿਖੇ ਇਕ ਕਾਰ ਏਜੰਸੀ ਵਿਚ ਨੌਕਰੀ ਕਰਦਾ ਸੀ ਅਤੇ ਅਕਸਰ ਆਪਣੇ ਨਾਨਕੇ ਪਿੰਡ ਰਾਏਪੁਰ ਪੀਰ ਬਖ਼ਸ਼ ਆਉਂਦਾ-ਜਾਂਦਾ ਰਹਿੰਦਾ ਸੀ। ਉਨ੍ਹਾਂ ਦੱਸਿਆ ਕਿ ਬੀਤੇ ਦਿਨ ਅਮਰਪ੍ਰੀਤ ਸਿੰਘ ਆਪਣੇ ਪਲਸਰ ਮੋਟਰਸਾਈਕਲ 'ਤੇ ਸਵਾਰ ਹੋ ਕੇ ਨਾਨਕੇ ਘਰ ਤੋਂ ਆਪਣੇ ਪਿੰਡ ਦਬੁਰਜੀ (ਅੰਮ੍ਰਿਤਸਰ) ਲਈ ਰਵਾਨਾ ਹੋਇਆ ਸੀ। ਜਦੋਂ ਉਹ ਪਿੰਡ ਦਮੂਲੀਆਂ ਤੋਂ ਸੈਤਪੁਰ ਨੂੰ ਜਾਂਦੀ ਲਿੰਕ ਸੜਕ 'ਤੇ ਪਹੁੰਚਿਆ ਤਾਂ ਉਸ ਦੇ ਮੋਟਰਸਾਈਕਲ ਦੀ ਇਕ ਬੱਸ



ਨਾਲ ਟੱਕਰ ਹੋ ਗਈ। ਇਸ ਹਾਦਸੇ ਵਿਚ ਅਮਰਪ੍ਰੀਤ ਸਿੰਘ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਹਾਦਸੇ ਤੋਂ ਤੁਰੰਤ ਬਾਅਦ ਰਾਹਗੀਰਾਂ ਵੱਲੋਂ ਜ਼ਖ਼ਮੀ ਨੌਜਵਾਨ ਨੂੰ ਇਲਾਜ ਲਈ ਨੇੜਲੇ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਡਿਊਟੀ 'ਤੇ ਮੌਜੂਦ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਗਈ। ਪੁਲਸ ਨੇ ਮ੍ਰਿਤਕ ਨੌਜਵਾਨ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਕਪੂਰਥਲਾ ਦੇ ਮੁਰਦਾਘਰ ਵਿਚ ਰੱਖਵਾ ਦਿੱਤਾ ਹੈ। ਇਸ ਸਬੰਧੀ ਥਾਣਾ ਭੁਲੱਥ ਦੇ ਮੁਖੀ ਹਰਜਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਪੀੜਤ ਪਰਿਵਾਰ ਦੇ ਮੈਂਬਰਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕਰਨ ਉਪਰੰਤ ਬਣਦੀ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

ਪਾਬੰਦੀਸ਼ੁਦਾ ਦਵਾਈਆਂ ਦੀ ਗੈਰ-ਕਾਨੂੰਨੀ ਵਿਕਰੀ ਰੋਕਣ ਲਈ ਪੁਲਸ ਨੇ ਮੈਡੀਕਲ ਸਟੋਰਾਂ 'ਤੇ ਕੀਤੀ ਅਚਨਚੇਤ ਚੈਕਿੰਗ

ਕੌਮੀ ਪੜ੍ਹਿਕਾ

ਗੁਰਦਾਸਪੁਰ 23 ਨਵੰਬਰ। ਪਾਬੰਦੀਸ਼ੁਦਾ ਦਵਾਈਆਂ ਦੀ ਗੈਰ-ਕਾਨੂੰਨੀ ਵਿਕਰੀ ਅਤੇ ਨਸ਼ਿਆਂ ਦੀ ਦੁਰਵਰਤੋਂ ਨੂੰ ਰੋਕਣ ਲਈ ਗੁਰਦਾਸਪੁਰ ਪੁਲਸ ਵੱਲੋਂ ਵੱਡੀ ਕਾਰਵਾਈ ਕਰਦਿਆਂ ਵੱਖ-ਵੱਖ ਮੈਡੀਕਲ ਸਟੋਰਾਂ 'ਤੇ ਅਚਨਚੇਤ ਚੈਕਿੰਗ ਕੀਤੀ ਗਈ। ਐੱਸ.ਐੱਸ.ਪੀ. ਅਦਿੱਤਿਆ ਦੀ ਅਗਵਾਈ ਹੇਠ ਕੀਤੀ ਗਈ ਇਸ ਕਾਰਵਾਈ ਦਾ ਮੁੱਖ ਉਦੇਸ਼ ਮੈਡੀਕਲ ਸਟੋਰਾਂ 'ਤੇ ਦਵਾਈਆਂ ਦੀ ਵਿਕਰੀ ਸਬੰਧੀ ਕਾਨੂੰਨੀ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣਾ ਅਤੇ ਨਸ਼ਿਆਂ ਨਾਲ ਜੁੜੀਆਂ ਗੈਰ-ਕਾਨੂੰਨੀ ਗਤੀਵਿਧੀਆਂ 'ਤੇ ਰੋਕ ਲਗਾਉਣਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਅਦਿੱਤਿਆ ਨੇ ਦੱਸਿਆ ਕਿ



ਤਹਿਤ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਲੜੀ ਤਹਿਤ ਮੈਡੀਕਲ ਸਟੋਰਾਂ ਦੀ ਅਚਨਚੇਤ ਜਾਂਚ ਕੀਤੀ ਗਈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਸ਼ੀਲੇ ਅਤੇ ਪਾਬੰਦੀਸ਼ੁਦਾ ਦਵਾਈਆਂ ਦੀ ਵਿਕਰੀ ਨਿਰਧਾਰਤ ਕਾਨੂੰਨੀ ਨਿਯਮਾਂ ਅਨੁਸਾਰ ਹੀ ਹੋਵੇ। ਇਸ ਦੇ ਨਾਲ ਹੀ ਦਵਾਈਆਂ ਦੀ ਗੈਰ-ਕਾਨੂੰਨੀ ਵਿਕਰੀ ਅਤੇ ਉਨ੍ਹਾਂ ਦੀ ਦੁਰਵਰਤੋਂ ਨੂੰ ਰੋਕਣ ਲਈ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਪੁਲਸ ਵੱਲੋਂ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ। ਮੈਡੀਕਲ ਸਟੋਰਾਂ ਦੀ ਚੈਕਿੰਗ ਇਸ ਮੁਹਿੰਮ ਦਾ ਅਹਿਮ ਹਿੱਸਾ ਹੈ, ਕਿਉਂਕਿ ਪਾਬੰਦੀਸ਼ੁਦਾ ਦਵਾਈਆਂ ਦੀ ਗਲਤ ਵਰਤੋਂ ਲੋਕਾਂ ਦੀ ਸਿਹਤ ਅਤੇ ਸਮਾਜ ਦੀ ਸੁਰੱਖਿਆ ਲਈ ਗੰਭੀਰ ਸਮੱਸਿਆ ਬਣ ਸਕਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਦਵਾਈਆਂ ਦੀ ਵਿਕਰੀ ਸਬੰਧੀ ਨਿਰਧਾਰਤ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ। ਐੱਸਐੱਸਪੀ ਨੇ ਕਿਹਾ ਕਿ ਗੁਰਦਾਸਪੁਰ ਪੁਲਸ ਨਸ਼ਾ ਮੁਕਤ ਪੰਜਾਬ ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਕਾਰਵਾਈਆਂ ਲਗਾਤਾਰ ਜਾਰੀ ਰਹਿਣਗੀਆਂ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਨਸ਼ਿਆਂ ਦੀ ਗੈਰ-ਕਾਨੂੰਨੀ ਵਿਕਰੀ ਜਾਂ ਪਾਬੰਦੀਸ਼ੁਦਾ ਦਵਾਈਆਂ ਦੀ ਦੁਰਵਰਤੋਂ ਸਬੰਧੀ ਕੋਈ ਜਾਣਕਾਰੀ ਮਿਲਣ 'ਤੇ ਪੁਲਿਸ ਦੇ ਧਿਆਨ ਵਿੱਚ ਲਿਆਂਦੀ ਜਾਵੇ, ਤਾਂ ਜੋ ਅਜਿਹੀਆਂ ਗਤੀਵਿਧੀਆਂ ਨੂੰ ਰੋਕਣ ਲਈ ਸਮੇਂ ਸਿਰ ਕਾਰਵਾਈ ਕੀਤੀ ਜਾ ਸਕੇ।

190 ਪਾਬੰਦੀਸ਼ੁਦਾ ਕੈਪਸੂਲਾਂ ਸਮੇਤ 3 ਗ੍ਰਿਫ਼ਤਾਰ, ਮਾਮਲਾ ਦਰਜ

ਫਿਰੋਜ਼ਪੁਰ 23 ਨਵੰਬਰ। ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਨਾਕੇਬੰਦੀ ਦੌਰਾਨ ਦੋ ਵਿਅਕਤੀਆਂ ਨੂੰ 190 ਨਸ਼ੀਲੇ ਕੈਪਸੂਲਾਂ ਸਮੇਤ ਗ੍ਰਿਫ਼ਤਾਰ ਕਰਕੇ ਉਨ੍ਹਾਂ ਖ਼?ਲਾਫ਼ ਮਾਮਲੇ ਦਰਜ ਕੀਤੇ ਹਨ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਨਾਕੇਬੰਦੀ ਕੀਤੀ ਹੋਈ ਸੀ। ਇਸ ਦੌਰਾਨ ਪੁਲਸ ਨੇ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਸ਼ੱਕ ਦੀ ਬਿਨਾਹ 'ਤੇ ਇਕ ਸ਼ੱਕੀ ਗੱਡੀ 'ਚ ਸਵਾਰ ਤਿੰਨ ਵਿਅਕਤੀਆਂ ਮੰਥਨ ਸ਼ਰਮਾ ਪੁੱਤਰ ਨਰਿੰਦਰ ਸ਼ਰਮਾ ਵਾਸੀ ਧਵਨ ਕਾਲੋਨੀ, ਹਰਪ੍ਰੀਤ ਨਗਰ ਫਿਰੋਜ਼ਪੁਰ, ਤੇਜਿੰਦਰ ਉਰਫ਼ ਤੇਜ਼ੀ ਪੁੱਤਰ ਮੁਖਤਿਆਰ ਸਿੰਘ ਵਾਸੀ 113 ਪੀ ਚਰਚ ਰੋਡ ਫਿਰੋਜ਼ਪੁਰ ਅਤੇ ਵਿਸ਼ਾਲ ਪੁੱਤਰ ਪਵਨ ਵਾਸੀ ਮਕਾਨ ਨੰਬਰ 80 ਇੰਦਰਾ ਕਾਲੋਨੀ ਫਿਰੋਜ਼ਪੁਰ ਸ਼ਹਿਰ ਨੂੰ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਨ੍ਹਾਂ ਕੋਲੋਂ 190 ਨਸ਼ੀਲੇ ਕੈਪਸੂਲ ਬਰਾਮਦ ਹੋਏ।

ਚੜ੍ਹਦੀ ਸਵੇਰ ਪੰਜਾਬ 'ਚ ਵੱਡਾ ਹਾਦਸਾ !

ਸ੍ਰੀ ਕੀਰਤਪੁਰ ਸਾਹਿਬ /ਰੋਪੜ 23 ਨਵੰਬਰ। ਕੁੱਲੂ ਵਿਖੇ ਵਿਸ਼ਵ ਪ੍ਰਸਿੱਧ ਦੁਸਹਿਰਾ ਉਤਸਵ 'ਚ ਸ਼ਿਰਕਤ ਕਰਨ ਤੋਂ ਬਾਅਦ ਵਾਪਸ ਪਰਤ ਰਹੇ ਰੋਪੜ ਦੇ 4 ਵਿਅਕਤੀਆਂ ਨਾਲ ਇਕ ਭਿਆਨਕ ਹਾਦਸਾ ਵਾਪਰਨ ਦੀ



ਖ਼ਬਰ ਸਾਹਮਣੇ ਆਈ ਹੈ। ਮਿਲੀ ਜਾਣਕਾਰੀ ਮੁਤਾਬਕ ਪੰਜਾਬ ਸਾਊਂਡ (ਰੋਪੜ) ਦੀ ਬੱਸ ਗੱਡੀ ਰਾਤ ਦਾ ਫੰਕਸ਼ਨ ਖ਼ਤਮ ਕਰਕੇ ਕੁੱਲੂ-ਮਨਾਲੀ ਤੋਂ ਵਾਪਸ ਆ ਰਹੀ ਸੀ। ਜਿਵੇਂ ਹੀ ਬੱਸ ਪੰਜਾਬ ਬਾਰਡਰ ਟੋਲ ਪਲਾਜ਼ਾ 'ਗੜ੍ਹਾ ਮੋੜ' ਨੂੰ ਪਾਰ ਕਰਕੇ ਪਿੰਡ ਦੇਣੀ ਕੋਲ ਪਹੁੰਚੀ ਤਾਂ ਅਚਾਨਕ ਸੰਤੁਲਨ ਵਿਗੜਨ ਕਾਰਨ ਗੱਡੀ ਬੇਕਾਬੂ ਹੋ ਕੇ ਡੂੰਘੀ ਖਾਈ 'ਚ ਜਾ ਡਿੱਗੀ। ਇਹ ਹਾਦਸਾ ਇੰਨਾ ਭਿਆਨਕ ਸੀ ਕਿ ਗੱਡੀ 'ਚ ਸਵਾਰ ਚਾਰ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ 7 ਲੋਕ ਜ਼ਖ਼ਮੀ ਹੋਏ ਹਨ। ਹਾਦਸੇ ਦੀ ਸੂਚਨਾ ਮਿਲਦੇ ਹੀ ਬਚਾਅ ਕਾਰਜ ਸ਼ੁਰੂ ਕੀਤੇ ਗਏ। ਕਾਫ਼ੀ ਮੁਸ਼ੱਕਤ ਤੋਂ ਬਾਅਦ ਹਾਈਡਰਾ ਮਸ਼ੀਨ ਦੀ ਮਦਦ ਨਾਲ ਖਾਈ 'ਚੋਂ ਗੱਡੀ ਅਤੇ ਮ੍ਰਿਤਕ ਦੇਹਾਂ ਨੂੰ ਬਾਹਰ ਕੱਢਿਆ ਗਿਆ। ਇਸ ਤੋਂ ਬਾਅਦ ਐਂਬੂਲੈਂਸ ਰਾਹੀਂ ਸਾਰਿਆਂ ਨੂੰ ਨਜ਼ਦੀਕੀ ਹਸਪ

ਚੰਡੀਗੜ੍ਹ ਵਿੱਚ ਤਿੰਨ ਹੋਰ ਸਿਹਤ ਕੇਂਦਰਾਂ ਵਿੱਚ ਸ਼ੁਰੂ ਹੋਣਗੀਆਂ ਸ਼ਾਮ ਦੀਆਂ ਓਪੀਡੀ ਸੇਵਾਵਾਂ

ਚੰਡੀਗੜ੍ਹ, 23 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਗੁਣਵੱਤਾਪੂਰਨ ਸਿਹਤ ਸੇਵਾਵਾਂ ਨੂੰ ਅਧਿਕ ਸੁਲਭ ਅਤੇ ਮਰੀਜ਼ਾਂ ਦੇ ਅਨੁਕੂਲ ਬਣਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਉਠਾਉਂਦੇ ਹੋਏ ਸਿਹਤ ਵਿਭਾਗ, ਯੂ.ਟੀ. ਚੰਡੀਗੜ੍ਹ, ਨਿਮਨਲਿਖਤ ਤਿੰਨ ਅਤਿਰਿਕਤ ਸਿਹਤ ਕੇਂਦਰਾਂ ਵਿੱਚ ਸ਼ਾਮ ਦੀਆਂ ਓਪੀਡੀ ਸੇਵਾਵਾਂ ਦਾ ਵਿਸਤਾਰ ਕਰ ਰਿਹਾ ਹੈ:

1. ਸ਼ਹਿਰੀ ਆਯੁਸ਼ਮਾਨ ਆਰੋਗਯ ਮੰਦਿਰ (ਯੂਏਏਐਮ), ਸੈਕਟਰ 34;
2. ਸ਼ਹਿਰੀ ਆਯੁਸ਼ਮਾਨ ਆਰੋਗਯ ਮੰਦਿਰ (ਯੂਏਏਐਮ), ਖੁੱਡਾ ਜੱਸੂ; ਅਤੇ
3. ਆਯੁਸ਼ਮਾਨ ਆਰੋਗਯ ਮੰਦਿਰ (ਏਏਐਮ), ਮੌਲੀ ਜੱਗਰਾਂ।

ਇਨ੍ਹਾਂ ਕੇਂਦਰਾਂ ਵਿੱਚ ਸ਼ਾਮ ਦੀਆਂ ਓਪੀਡੀ ਸੇਵਾਵਾਂ ਸ਼ਾਮ 4:00 ਵਜੇ ਤੋਂ ਸ਼ਾਮ 6:00 ਵਜੇ ਤੱਕ ਉਪਲਬਧ ਹੋਣਗੀਆਂ,ਜਿਸ ਨਾਲ ਨਿਵਾਸੀਆਂ ਨੂੰ ਨਿਯਮਿਤ ਓਪੀਡੀ ਸਮੇਂ ਤੋਂ ਇਲਾਵਾ ਵੀ ਚਿਕਿਤਸਾ ਸਲਾਹ ਅਤੇ ਸਿਹਤ ਸੇਵਾਵਾਂ ਪ੍ਰਾਪਤ ਕਰਨ ਦਾ ਅਵਸਰ ਮਿਲੇਗਾ।

ਇਹ ਪਹਿਲ ਪੰਜਾਬ ਦੇ ਮਾਣਯੋਗ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਦੀ ਪਰਿਕਲਪਨਾ ਅਤੇ ਨਿਰਦੇਸ਼ਾਂ ਦੇ ਅਨੁਰੂਪ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਸਰਕਾਰੀ ਸਿਹਤ ਸੰਸਥਾਵਾਂ ਨੂੰ ਮਜ਼ਬੂਤ ਕਰਨ, ਚਿਕਿਤਸਾ ਸੇਵਾਵਾਂ ਦੀ ਉਪਲਬਧਤਾ ਵਧਾਉਣ ਅਤੇ ਸਮਾਜ ਦੇ ਸਾਰੇ ਵਰਗਾਂ ਲਈ ਸੁਲਭ ਅਤੇ ਕਿਫ਼ਾਇਤੀ ਸਿਹਤ ਸੇਵਾਵਾਂ ਸੁਨਿਸ਼ਚਿਤ ਕਰਨ 'ਤੇ ਨਿਰੰਤਰ ਬਲ ਦਿੱਤਾ ਹੈ।

ਮਾਣਯੋਗ ਰਾਜਪਾਲ ਦੇ ਮਾਰਗਦਰਸ਼ਨ ਅਤੇ ਸਿਹਤ ਵਿਭਾਗ ਦੀ ਅਗਵਾਈ ਵਿੱਚ ਇਹ ਪਹਿਲ ਸਿਹਤ ਸਕੱਤਰ, ਯੂ.ਟੀ. ਚੰਡੀਗੜ੍ਹ ਦੀ ਦੇਖਰੇਖ ਵਿੱਚ ਅੱਗੇ ਵਧਾਈ ਜਾ ਰਹੀ ਹੈ।

ਇਸ ਦਾ ਮੁੱਖ ਉਦੇਸ਼ ਕਮਿਊਨਿਟੀ ਪੱਧਰ 'ਤੇ ਸਿਹਤ ਸੇਵਾ ਪ੍ਰਦਾਨ ਕਰਨ ਨੂੰ ਮਜ਼ਬੂਤ ਕਰਨਾ ਹੈ।

ਸ਼ਾਮ ਦੀ ਓਪੀਡੀ ਸੇਵਾਵਾਂ ਦੀ ਸ਼ੁਰੂਆਤ 24 ਫਰਵਰੀ2026 ਨੂੰ ਸਰਕਾਰੀ ਮਲਟੀ- ਸਪੈਸ਼ਲਿਟੀ ਹਸਪਤਾਲ, ਸੈਕਟਰ 16 (ਜੀਐੱਮਐੱਮਐੱਚ-16) ਵਿੱਚ ਕੀਤੀ ਗਈ ਸੀ। ਇਸ ਪਹਿਲ ਨੂੰ ਲੋਕਾਂ ਤੋਂ ਉਤਸ਼ਾਹਜਨਕ ਪ੍ਰਤੀਕਿਰਿਆ ਮਿਲੀ ਹੈ, 21,000 ਤੋਂ ਅਧਿਕ ਮਰੀਜ਼ ਇਸ ਸੁਵਿਧਾ ਦਾ ਲਾਭ ਉਠਾ ਚੁੱਕੇ ਹਨ। ਇਸ ਤੋਂ ਬਾਅਦ ਇਹ ਸੇਵਾਵਾਂ ਸਿਵਲ ਹਸਪਤਾਲ, ਮਨੀਮਾਜਰਾ; ਸਿਵਲ ਹਸਪਤਾਲ, ਸੈਕਟਰ 22; ਅਤੇ ਸਿਵਲ ਹਸਪਤਾਲ, ਸੈਕਟਰ 45 ਵਿੱਚ ਵੀ ਸ਼ੁਰੂ ਕੀਤੀਆਂ ਗਈਆਂ।

ਯੂਏਏਐਮ ਸੈਕਟਰ 34, ਯੂਏਏਐਮ ਖੁੱਡਾ ਜੱਸੂ ਅਤੇ ਏਏਐਮ ਮੌਲੀ ਜੱਗਰਾਂ ਤੱਕ ਇਨ੍ਹਾਂ ਸੇਵਾਵਾਂ ਦੇ ਵਿਸਤਾਰ ਦਾ ਉਦੇਸ਼ ਰਿਹਾਇਸ਼ੀ ਖੇਤਰਾਂ ਦੇ ਨੇੜੇ ਸਿਹਤ ਸੇਵਾਵਾਂ ਉਪਲਬਧ ਕਰਵਾਉਣਾ ਅਤੇ ਵਿਸ਼ੇਸ਼ ਤੌਰ 'ਤੇ ਕੰਮਕਾਜ ਕਰਨ ਵਾਲੇ ਲੋਕਾਂ, ਸੀਨੀਅਰ ਸਿਟੀਜ਼ਨਸ ਅਤੇ ਨਿਯਮਿਤ ਓਪੀਡੀ ਸਮੇਂ ਦੇ ਦੌਰਾਨ ਸਿਹਤ ਕੇਂਦਰਾਂ ਤੱਕ ਪਹੁੰਚਣ ਵਿੱਚ ਕਠਿਨਾਈ ਮਹਿਸੂਸ ਕਰਨ ਵਾਲੇ ਵਿਅਕਤੀਆਂ ਦੀ ਪਹੁੰਚ ਬਿਹਤਰ ਬਣਾਉਣਾ ਹੈ।

ਸ਼ਾਮ ਸਮੇਂ ਦੀ ਓਪੀਡੀ ਪਹਿਲ ਦੇ ਪ੍ਰਮੁੱਖ ਲਾਭ ਇਸ ਪ੍ਰਕਾਰ ਹਨ:

ਬਿਹਤਰ ਪਹੁੰਚ: ਨਿਵਾਸੀਆਂ ਲਈ ਵਿਸਤਾਰਿਤ ਸਮੇਂ ਵਿੱਚ ਸੁਵਿਧਾਜਨਕ ਸਿਹਤ ਸੇਵਾਵਾਂ ਦੀ ਉਪਲਬਧਤਾ।

ਮਰੀਜ਼ਾਂ ਦੀ ਸੁਵਿਧਾ: ਕੰਮਕਾਜ ਕਰਨ ਵਾਲੇ ਵਿਅਕਤੀਆਂ ਅਤੇ ਪਰਿਵਾਰਾਂ ਨੂੰ ਚਿਕਿਤਸਾ ਸਲਾਹ ਪ੍ਰਾਪਤ ਕਰਨ ਦਾ ਅਤਿਰਿਕਤ ਅਵਸਰ।

ਸਵੇਰ ਦੀ ਓਪੀਡੀ ਵਿੱਚ ਭੀੜ ਵਿੱਚ ਕਮੀ: ਮਰੀਜ਼ਾਂ ਦੀ ਸੰਖਿਆ ਦੀ ਅਲੱਗ-ਅਲੱਗ ਸਮਾਂ ਮਿਆਦਾਂ ਵਿੱਚ ਵੰਡ।

ਪ੍ਰਾਇਮਰੀ ਸਿਹਤ ਸੇਵਾਵਾਂ ਨੂੰ ਮਜ਼ਬੂਤੀ: ਕਮਿਊਨਿਟੀ ਪੱਧਰ 'ਤੇ ਬਿਮਾਰੀਆਂ ਦੀ ਜਲਦੀ ਪਹਿਚਾਣ, ਸਮੇਂ 'ਤੇ ਇਲਾਜ ਅਤੇ ਸਾਧਾਰਣ ਸਿਹਤ ਸਮੱਸਿਆਵਾਂ ਦਾ ਬਿਹਤਰ ਪ੍ਰਬੰਧਨ।

ਗ਼ੈਰਜ਼ਰੂਰੀ ਰੈਫਰਲਾਂ ਵਿੱਚ ਕਮੀ: ਲੋਕਾਂ ਦੇ ਘਰਾਂ ਦੇ ਨੇੜੇ ਸਿਹਤ ਸੇਵਾਵਾਂ ਦੀ ਬਿਹਤਰ ਉਪਲਬਧਤਾ ਨਾਲ ਤੀਸਰੇ ਦਰਜੇ ਦੀਆਂ ਸਿਹਤ ਸੰਸਥਾਵਾਂ ਵਿੱਚ ਗ਼ੈਰਜ਼ਰੂਰੀ ਤੌਰ 'ਤੇ ਜਾਣ ਦੀ ਜ਼ਰੂਰਤ ਵਿੱਚ ਕਮੀ।

ਸਿਹਤ ਵਿਭਾਗ ਇਨ੍ਹਾਂ ਸੇਵਾਵਾਂ ਦੀ ਪ੍ਰਭਾਵਸ਼ੀਲਤਾ ਦਾ ਮੁੱਲਾਂਕਣ ਕਰਨ ਲਈ ਮਰੀਜ਼ਾਂ ਦੀ ਉਪਸਥਿਤੀ, ਸੇਵਾਵਾਂ ਦੇ ਉਪਯੋਗ ਅਤੇ ਪਬਲਿਕ ਫੀਡਬੈਕ ਦੀ ਸਮੇਂ-ਸਮੇਂ 'ਤੇ ਸਮੀਖਿਆ ਕਰੇਗਾ। ਨਾਲ ਹੀ, ਅਤਿਰਿਕਤ ਚਿਕਿਤਸਾ ਸੇਵਾਵਾਂ ਅਤੇ ਜਾਂਚ ਸੁਵਿਧਾਵਾਂ ਦੇ ਜ਼ਰੀਏ ਇਨ੍ਹਾਂ ਨੂੰ ਹੋਰ ਮਜ਼ਬੂਤ ਕਰਨ ਦੀਆਂ ਸੰਭਾਵਨਾਵਾਂ ਤਲਾਸ਼ੀਆਂ ਜਾਣਗੀਆਂ।

ਇਹ ਵਿਸਤਾਰ ਇੱਕ ਸੰਵੇਦਨਸ਼ੀਲ, ਸੁਲਭ ਅਤੇ ਮਰੀਜ਼-ਕੇਂਦ੍ਰਿਤ ਸਿਹਤ ਸੇਵਾ ਪ੍ਰਣਾਲੀ ਵਿਕਸਿਤ ਕਰਨ ਦੇ ਪ੍ਰਤੀ ਚੰਡੀਗੜ੍ਹ ਪ੍ਰਸ਼ਾਸਨ ਦੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ, ਤਾਕਿ ਨਾਗਰਿਕਾਂ ਨੂੰ ਸੁਵਿਧਾਜਨਕ ਸਮੇਂ 'ਤੇ ਅਤੇ ਉਨ੍ਹਾਂ ਦੇ ਘਰਾਂ ਦੇ ਨੇੜੇ ਗੁਣਵੱਤਾਪੂਰਨ ਸਿਹਤ ਸੇਵਾਵਾਂ ਉਪਲਬਧ ਹੋ ਸਕਣ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਸਾਰੇ ਵਿਭਾਗਾਂ ਨੂੰ ਪੋਸ਼ ਐਕਟ ਦੀ ਪਾਲਣਾ ਰਿਪੋਰਟਾਂ ਜਮ੍ਹਾਂ ਕਰਨ ਦੇ ਨਿਰਦੇਸ਼



ਚੰਡੀਗੜ੍ਹ, 23 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁਲਾਜ਼ਮਾਂ ਦੇ ਮਸਲਿਆਂ ਅਤੇ ਚਿੰਤਾਵਾਂ ਨੂੰ ਹੱਲ ਕਰਨ ਲਈ ਬਣਾਈ ਗਈ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਅਤੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਨੇ ਅੱਜ ਔਰਤਾਂ ਲਈ ਕੰਮਕਾਜੀ ਥਾਵਾਂ 'ਤੇ ਸੁਰੱਖਿਆ ਯਕੀਨੀ ਬਣਾਉਣ ਲਈ ਅਹਿਮ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਨੇ ਸਾਰੇ ਪ੍ਰਸ਼ਾਸਨਿਕ ਵਿਭਾਗਾਂ ਨੂੰ ਔਰਤਾਂ ਦਾ ਕੰਮ ਵਾਲੀ ਥਾਂ 'ਤੇ ਜਿਨਸੀ ਸ਼ੋਸ਼ਣ (ਰੋਕਥਾਮ, ਮਨਾਹੀ ਅਤੇ ਨਿਵਾਰਣ) ਐਕਟ, 2013 (ਪੋਸ਼ ਐਕਟ) ਤਹਿਤ ਲੋੜੀਂਦੀਆਂ ਕਮੇਟੀਆਂ ਦੇ ਗਠਨ ਦੀ ਪੁਸ਼ਟੀ ਕਰੇਗੀ।

ਵਿੱਤ ਮੰਤਰੀ ਨੇ ਵਿਭਾਗ ਨੂੰ ਇਹ ਸਪੱਸ਼ਟ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੇ ਵੀ ਨਿਰਦੇਸ਼ ਦਿੱਤੇ ਕਿ ਸਾਰੇ ਕਮੇਟੀ ਮੈਂਬਰਾਂ ਦੇ ਨਾਂ ਵਿਭਾਗੀ ਨੋਟਿਸ ਬੋਰਡਾਂ ਅਤੇ ਅਧਿਕਾਰਤ ਵੈੱਬਸਾਈਟਾਂ 'ਤੇ ਪ੍ਰਮੁੱਖਤਾ ਨਾਲ ਪ੍ਰਦਰਸ਼ਿਤ ਕਰਨੇ ਲਾਜ਼ਮੀ ਕੀਤੇ ਜਾਣ।

ਔਰਤਾਂ ਦੀ ਕੰਮ ਵਾਲੀ ਥਾਂ ਦੀ ਸੁਰੱਖਿਆ ਦੇ ਮੁੱਦੇ ਨੂੰ ਹੱਲ ਕਰਨ ਤੋਂ ਇਲਾਵਾ, ਹਰਪਾਲ ਸਿੰਘ ਚੀਮਾ ਨੇ ਕਈ ਹੋਰ ਮੁਲਾਜ਼ਮ ਜਥੇਬੰਦੀਆਂ ਨਾਲ ਵੀ ਵਿਸਤ੍ਰਿਤ ਮੀਟਿੰਗਾਂ ਕੀਤੀਆਂ ਤਾਂ ਜੋ ਉਨ੍ਹਾਂ ਦੀਆਂ ਲੰਬਿਤ ਸ਼ਿਕਾਇਤਾਂ ਨੂੰ ਸੁਣਿਆ ਜਾ ਸਕੇ ਅਤੇ ਉਨ੍ਹਾਂ ਵੱਲੋਂ ਸੌਂਪੇ ਗਏ ਮੰਗ ਪੱਤਰਾਂ ਨੂੰ ਵਿਚਾਰਿਆ ਜਾ ਸਕੇ।

ਸਾਰੀਆਂ ਨੁਮਾਇੰਦਾ ਜਥੇਬੰਦੀਆਂ ਨੂੰ ਧਿਆਨ ਅਤੇ ਹਮਦਰਦੀ ਨਾਲ ਸੁਣਦਿਆਂ, ਕੈਬਨਿਟ ਮੰਤਰੀ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ, ÷ਭਗਵੰਤ ਮਾਨ ਸਰਕਾਰ ਤੁਹਾਡੇ ਮਸਲਿਆਂ 'ਤੇ ਸਰਗਰਮੀ ਨਾਲ ਕੰਮ ਕਰ ਰਹੀ ਹੈ। ਤੁਹਾਡੀਆਂ ਜ਼ਿਆਦਾਤਰ ਜਾਇਜ਼ ਮੰਗਾਂ ਪਹਿਲਾਂ ਹੀ ਪ੍ਰਸ਼ਾਸਨਿਕ ਪ੍ਰਕਿਰਿਆ ਵਿੱਚ ਹਨ ਅਤੇ ਜਲਦੀ ਹੀ ਪੂਰੀਆਂ ਕੀਤੀਆਂ ਜਾਣਗੀਆਂ।

ਮੀਟਿੰਗਾਂ ਦੌਰਾਨ, ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਪੰਜਾਬ ਤੋਂ ਵਿੱਤ ਸਕੱਤਰ ਰਣਜੀਤ ਕੌਰ ਅਤੇ ਜਨਰਲ ਸਕੱਤਰ ਗੁਰਪ੍ਰੀਤ ਕੌਰ, ਪੰਜਾਬ ਪੁਲਿਸ 2016 ਵੇਟਿੰਗ ਲਿਸਟ ਉਮੀਦਵਾਰਾਂ ਵੱਲੋਂ ਅਮਨਦੀਪ ਸਿੰਘ, ਜੀ.ਪੀ.ਡਬਲਯੂ.ਐਸ.ਸੀ. ਵਾਟਰ ਸਪਲਾਈ ਪੰਪ ਆਪਰੇਟਰ ਐਸੋਸੀਏਸ਼ਨ ਪੰਜਾਬ ਤੋਂ ਬੇਅੰਤ ਸਿੰਘ, ਪੰਜਾਬ ਪੁਲਿਸ ਕੋਰੋਨਾ ਵਾਰੀਅਰਜ਼ ਤੋਂ ਗੁਰਬਾਜ਼ ਸਿੰਘ, ਪੰਜਾਬ ਦੀ ਮਨਰੇਗਾ ਕਰਮਚਾਰੀ ਯੂਨੀਅਨ ਤੋਂ ਗੁਰਸੇਵਕ ਸਿੰਘ, ਸੰਯੁਕਤ ਆਤਮਾ ਪੰਜਾਬ ਐਸੋਸੀਏਸ਼ਨ (ਸਾਪਾ) ਤੋਂ ਗੁਰਪ੍ਰਤਾਪ ਸਿੰਘ ਔਲਖ, ਸਰਵ ਆਂਗਣਵਾੜੀ ਵਰਕਰਜ਼ ਐਂਡ ਹੈਲਪਰਜ਼ ਯੂਨੀਅਨ, ਪੰਜਾਬ ਤੋਂ ਹਰਿਦਰਜੀਤ ਕੌਰ ਅਤੇ ਆਲ ਇੰਡੀਆ ਆਂਗਣਵਾੜੀ ਵਰਕਰਜ਼ ਐਂਡ ਹੈਲਪਰਜ਼ ਯੂਨੀਅਨ, ਪੰਜਾਬ (ਏ.ਆਈ.ਟੀ.ਯੂ.ਸੀ.) ਤੋਂ ਸਰੋਜ ਛਪੜੀਵਾਲਾ ਸਮੇਤ ਹੋਰ ਯੂਨੀਅਨ ਮੈਂਬਰਾਂ ਨੇ ਆਪੋ-ਆਪਣੇ ਮਸਲੇ ਅਤੇ ਚਿੰਤਾਵਾਂ ਉਠਾਈਆਂ।

ਜ਼ਿਲ੍ਹਾ ਪੱਧਰੀ ਈਜ਼ੀ ਰਾਈਟਿੰਗ ਤੇ ਕੁਇਜ਼ ਮੁਕਾਬਲੇ ਕਰਵਾਏ

ਪਟਿਆਲਾ, 23 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਪਟਿਆਲਾ ਸ੍ਰੀ ਹਿਮਾਂਸ਼ੂ ਜੈਨ ਦੀ ਅਗਵਾਈ ਹੇਠ ਮੁੱਖ ਚੋਣ ਅਫ਼ਸਰ, ਪੰਜਾਬ ਵੱਲੋਂ ਜਾਰੀ ਸ਼ਡਿਊਲ ਅਨੁਸਾਰ ਜ਼ਿਲ੍ਹਾ ਪੱਧਰ 'ਤੇ ਈਜ਼ੀ ਰਾਈਟਿੰਗ ਅਤੇ ਕੁਇਜ਼ ਮੁਕਾਬਲੇ ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ, ਪਟਿਆਲਾ ਵਿਖੇ ਕਰਵਾਏ ਗਏ ਜਿਨ੍ਹਾਂ ਵਿੱਚ ਵੱਖ-ਵੱਖ ਵਿਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।

ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਹਰੇਕ ਯੋਗ ਨਾਗਰਿਕ ਵੱਲੋਂ ਆਪਣੇ ਵੋਟ ਦੇ ਅਧਿਕਾਰ ਦੀ ਸਹੀ ਵਰਤੋਂ ਕਰਨਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਇਲੈਕਟੋਰਲ ਲਿਟਰੇਸੀ ਕਲੱਬਸ ਰਾਹੀਂ ਨੈਤਿਕ ਵੋਟਿੰਗ ਸਬੰਧੀ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਵਿਦਿਆਰਥੀ ਆਪਣੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਆਲੇ-ਦੁਆਲੇ ਦੇ ਲੋਕਾਂ ਨੂੰ ਬਿਨਾਂ ਕਿਸੇ ਡਰ, ਦਬਾਅ ਜਾਂ ਲਾਲਚ ਤੋਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਪ੍ਰੇਰਿਤ ਕਰਨ। ਉਨ੍ਹਾਂ ਕਿਹਾ ਕਿ ਨਿਰਪੱਖ ਅਤੇ ਨੈਤਿਕ ਵੋਟਿੰਗ ਹੀ ਲੋਕਤੰਤਰ ਦੀਆਂ ਨੀਂਹਾਂ ਨੂੰ ਹੋਰ ਮਜ਼ਬੂਤ ਕਰਦੀ ਹੈ।

ਉਨ੍ਹਾਂ ਵਿਦਿਆਰਥੀਆਂ ਨੂੰ ਇਹ ਵੀ ਪ੍ਰੇਰਿਤ ਕੀਤਾ ਕਿ ਉਹ ਖੁਦ ਇੱਕ ਜਾਗਰੂਕ ਨਾਗਰਿਕ ਬਣਨ ਦੇ ਨਾਲ-ਨਾਲ ਸਮਾਜ ਵਿੱਚ ਚੋਣ ਪ੍ਰਕਿਰਿਆ ਪ੍ਰਤੀ ਜਾਗਰੂਕਤਾ ਫੈਲਾਉਣ ਵਿੱਚ ਵੀ ਆਪਣੀ ਸਰਗਰਮ ਭੂਮਿਕਾ ਨਿਭਾਉਣ।

ਮੁਕਾਬਲਿਆਂ ਸਬੰਧੀ ਜਾਣਕਾਰੀ ਦਿੰਦਿਆਂ ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਦਾ ਉਦੇਸ਼ ਵਿਦਿਆਰਥੀਆਂ ਨੂੰ ਚੋਣ ਪ੍ਰਕਿਰਿਆ, ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਵੋਟ ਦੇ ਅਧਿਕਾਰ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਹੈ। ਇਸ ਸਬੰਧੀ ਪਹਿਲੇ ਪੜਾਅ ਵਿੱਚ ਇੰਸਟੀਚਿਊਟ ਪੱਧਰ 'ਤੇ ਮੁਕਾਬਲੇ 11 ਅਤੇ 12 ਨਵੰਬਰ ਨੂੰ ਕਰਵਾਏ ਗਏ ਸਨ, ਜਿਨ੍ਹਾਂ ਵਿੱਚੋਂ ਹਰੇਕ ਮੁਕਾਬਲੇ ਲਈ ਦੋ-ਦੋ ਵਿਦਿਆਰਥੀਆਂ ਦੀ ਚੋਣ ਵਿਧਾਨ ਸਭਾ ਹਲਕਾ ਪੱਧਰੀ ਮੁਕਾਬਲਿਆਂ ਵਾਸਤੇ ਕੀਤੀ ਗਈ ਸੀ।

ਇਸ ਤੋਂ ਬਾਅਦ 16 ਅਤੇ 17 ਨਵੰਬਰ ਨੂੰ ਵਿਧਾਨ ਸਭਾ ਚੋਣ ਹਲਕਾ ਪੱਧਰ ਦੇ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚੋਂ ਹਰੇਕ ਵਿਧਾਨ ਸਭਾ ਹਲਕੇ ਵਿੱਚੋਂ ਪ੍ਰਤੀ ਮੁਕਾਬਲਾ 10-10 ਵਿਦਿਆਰਥੀਆਂ ਦੀ ਚੋਣ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਲਈ ਕੀਤੀ ਗਈ। ਜ਼ਿਲ੍ਹਾ ਪੱਧਰੀ ਮੁਕਾਬਲਿਆਂ ਦਾ ਨਤੀਜਾ 20 ਨਵੰਬਰ 2026 ਨੂੰ ਐਲਾਨਿਆ ਜਾਵੇਗਾ।

ਈਜ਼ੀ ਰਾਈਟਿੰਗ ਅਤੇ ਕੁਇਜ਼ ਮੁਕਾਬਲਿਆਂ ਵਿੱਚ ਪਹਿਲੀਆਂ 10 ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਆਫ਼ ਮੈਰਿਟ ਦੇ ਕੇ ਸਨਮਾਨਿਤ ਕੀਤਾ ਜਾਵੇਗਾ, ਜਦਕਿ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਬਾਕੀ ਸਾਰੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਆਫ਼ ਪਾਰਟੀਸਿਪੇਸ਼ਨ ਜਾਰੀ ਕੀਤੇ ਜਾਣਗੇ।

ਇਸ ਮੌਕੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਅਨੁਪ੍ਰਿਤਾ ਜੌਹਲ, ਚੋਣ ਤਹਿਸੀਲਦਾਰ ਸ੍ਰੀ ਵਿਜੈ ਕੁਮਾਰ, ਅਲਟਰਨੇਟ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਡਾ. ਸਵਿੰਦਰ ਸਿੰਘ, ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ ਦੀ ਪ੍ਰਿੰਸੀਪਲ ਸ੍ਰੀਮਤੀ ਸਕਿੰਦਰ ਕੌਰ ਬਰਾੜ, ਸਹਾਇਕ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਸ੍ਰੀ ਮੋਹਿਤ ਕੌਸ਼ਲ ਸਮੇਤ ਹੋਰ ਅਧਿਕਾਰੀ ਅਤੇ ਵਿਦਿਆਰਥੀ ਮੌਜੂਦ ਸਨ।

ਲੋੜਵੰਦ ਮਰੀਜ਼ ਲਈ ਐਮਰਜੈਂਸੀ ਖ਼ੂਨਦਾਨ ਕੀਤਾ



ਦੇਵੀਗੜ੍ਹ, 23 ਨਵੰਬਰ
- ਵਿਜੈ ਸ਼ਰਮਾ-
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਡਿਲੀਵਰੀ ਵਾਲੇ ਮਰੀਜ਼ ਲਈ ਮਿਸ਼ਨ ਲਾਲੀ ਤੇ ਹਰਿਆਲੀ ਦੇ ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ ਨੇ ਵਰਧਮਾਨ ਹਸਪਤਾਲ ਬਲੱਡ ਸੈਂਟਰ ਵਿਖੇ ਪਹੁੰਚ ਕੇ ਖੂਨ ਦਾਨ ਕੀਤਾ। ਇਸ ਮੌਕੇ ਮਿਸ਼ਨ ਦੇ ਮੋਢੀ ਹਰਦੀਪ ਸਿੰਘ ਸਨੌਰ, ਗੁਰਦੀਪ ਸਿੰਘ ਤੇ ਸ਼ਿਵਕਿੰਦਰ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਹਰਦੀਪ ਸਿੰਘ ਸਨੌਰ ਨੇ ਕਿਹਾ ਕਿ ਸਮੂਹ ਤੰਦਰੁਸਤ ਇਨਸਾਨ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਉਣ ਲਈ ਖੂਨਦਾਨ ਕਰਨ ਤਾਂ ਜੋ ਡਾਕਟਰਾਂ ਨੂੰ ਇਲਾਜ ਕਰਨ ਵਿੱਚ ਮਦਦ ਹੋ ਸਕੇ। ਸੁਖਦੀਪ ਸਿੰਘ ਸੋਹਲ ਨੇ ਦੱਸਿਆ ਕਿ ਖੂਨ ਇੱਕ ਅਜਿਹਾ ਤਰਲ ਹੈ ਜੋ ਕਿਸੇ ਫੈਕਟਰੀ ਜਾਂ ਕਾਰਖਾਨੇ ਵਿੱਚ ਨਹੀਂ ਬਣਦਾ। ਇਸ ਲਈ ਸਮੂਹ ਤੰਦਰੁਸਤ ਨੌਜਵਾਨਾਂ ਨੂੰ ਖੂਨਦਾਨ ਸੇਵਾ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।

ਜਿਕਰਯੋਗ ਹੈ ਕਿ ਸੋਹਲ ਦੀ ਇਹ 61ਵੀਂ ਵਾਰ ਖੂਨਦਾਨ ਦੀ ਹਾਜ਼



ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ

ਦੇ

ਪ੍ਰਕਾਸ਼ ਪੁਰਬ

ਦੀਆਂ ਲੱਖ-ਲੱਖ ਵਧਾਈਆਂ

“ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ 557ਵੇਂ ਪ੍ਰਕਾਸ਼ ਪੁਰਬ ਦੀਆਂ ਆਪ ਸਭ ਨੂੰ ਲੱਖ-ਲੱਖ ਵਧਾਈਆਂ। ਆਓ, ਗੁਰੂ ਸਾਹਿਬ ਦੇ "ਕਿਰਤ ਕਰੋ, ਨਾਮ ਜਪੋ, ਵੰਡ ਛਕੋ" ਅਤੇ "ਸਰਬੱਤ ਦੇ ਭਲੇ" ਦੇ ਸਦੀਵੀ ਫ਼ਲਸਫ਼ੇ ਨੂੰ ਆਪਣੇ ਜੀਵਨ ਵਿੱਚ ਅਪਣਾਈਏ ਅਤੇ ਆਪਸੀ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰੀਏ।”

ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ



ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

ਸੰਪਾਦਕੀ

87 ਵਿੱਚੋਂ 76 ਉਦਯੋਗਿਕ ਇਕਾਈਆਂ ਦਾ ਵਾਤਾਵਰਣ ਜਾਂਚ ਵਿੱਚ ਫ਼ੇਲ੍ਹ ਹੋ ਜਾਣਾ ਇੱਕ ਫ਼ਿਕਰਮੰਦੀ ਭਰਿਆ ਖ਼ੁਲਾਸਾ

ਬੀਤੇ ਦਿਨੀਂ ਬਦਰਗੜ੍ਹ ਵਿੱਚ ਚੱਲ ਰਹੀਆਂ 87 ਵਿੱਚੋਂ 76 ਉਦਯੋਗਿਕ ਇਕਾਈਆਂ ਦਾ ਵਾਤਾਵਰਣ ਜਾਂਚ ਵਿੱਚ ਫ਼ੇਲ੍ਹ ਹੋ ਜਾਣਾ ਇੱਕ ਫ਼ਿਕਰਮੰਦੀ ਭਰਿਆ ਖ਼ੁਲਾਸਾ ਹੈ, ਜੋ ਹਰਿਆਣਾ ਵਿੱਚ ਪ੍ਰਦੂਸ਼ਣ ਰੋਕਥਾਮ ਪ੍ਰਣਾਲੀ ਦੇ ਖੋਖਲੇਪਣ ਨੂੰ ਬੇਨਕਾਬ ਕਰਦਾ ਹੈ। ਜਦੋਂ ਪੂਰਾ ਰਾਸ਼ਟਰੀ ਰਾਜਧਾਨੀ ਖੇਤਰ (ਐੱਨ ਸੀ ਆਰ) ਜ਼ਹਿਰੀਲੀ ਹਵਾ ਦੀ ਮਾਰ ਹੇਠ ਹੈ ਤਾਂ ਇਸ ਉਦਯੋਗਿਕ ਸ਼ਹਿਰ ਨੂੰ ਸਰਕਾਰੀ ਬੇਪਰਵਾਹੀ ਦੀ ਭੇਂਟ ਨਹੀਂ ਚੜ੍ਹਨ ਦਿੱਤਾ ਜਾ ਸਕਦਾ। ਬਹਾਦਰਗੜ੍ਹ ਦੇ ਲੋਕਾਂ ਨੂੰ ਵੀ ਦਿੱਲੀ ਦੇ ਵਸਨੀਕਾਂ ਵਾਂਗ ਹੀ ਸਾਫ਼ ਹਵਾ ਵਿੱਚ ਸਾਹ ਲੈਣ ਦਾ ਓਨਾ ਹੀ ਹੱਕ ਹੈ। ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐੱਨ ਜੀ ਟੀ) ਦੀਆਂ ਹਦਾਇਤਾਂ ਤਹਿਤ ਕੀਤੀ ਗਈ ਜਾਂਚ ਦੇ ਨਤੀਜੇ ਬੇਹੱਦ ਪ੍ਰੇਸ਼ਾਨ ਕਰਨ ਵਾਲੇ ਹਨ। ਐੱਚ ਐੱਸ ਆਈ ਆਈ ਡੀ ਸੀ ਉਦਯੋਗਿਕ ਅਸਟੇਟ ਵਿੱਚ ਜਾਂਚੀਆਂ ਗਈਆਂ 87 ਕਾਰਜਸ਼ੀਲ ਇਕਾਈਆਂ ਵਿੱਚੋਂ 76 ਵਾਤਾਵਰਣਕ ਨਿਯਮਾਂ ਦੀ ਖੁੱਲ੍ਹੇਆਮ ਉਲੰਘਣਾ ਕਰਦੀਆਂ ਪਾਈਆਂ ਗਈਆਂ। ਇਨ੍ਹਾਂ ਵਿੱਚੋਂ ਕਈਆਂ ਨੇ ਤਾਂ ਫੈਕਟਰੀਆਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਲਈ ਟਰੀਟਮੈਂਟ ਪਲਾਂਟ ਤੱਕ ਨਹੀਂ ਸਨ ਲਗਾਏ ਹੋਏ। ਇਸ ਅਸਟੇਟ ਵਿੱਚ 2,448 ਉਦਯੋਗਿਕ ਪਲਾਟ ਮੌਜੂਦ ਹਨ ਅਤੇ ਬਹੁਗਿਣਤੀ ਇਕਾਈਆਂ ਦੀ ਅਸਲ ਕਾਰਜਸ਼ੀਲ ਸਥਿਤੀ ਦੀ ਹਾਲੇ ਤੱਕ ਪੜਤਾਲ ਵੀ ਨਹੀਂ ਹੋਈ, ਜੋ ਪ੍ਰਸ਼ਾਸਨਿਕ ਨਾਕਾਮੀ ਦੇ ਵੱਡੇ ਪੱਧਰ ਨੂੰ ਹੋਰ ਵੀ ਚਿੰਤਾਜਨਕ ਬਣਾਉਂਦਾ ਹੈ। 15 ਨਵੰਬਰ ਨੂੰ ਹਵਾ ਦਾ ਗੁਣਵੱਤਾ ਸੂਚਕ ਅੰਕ (ਏ ਕਿਊ ਆਈ) 376 ਹੋਣਾ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਹੁਣ ਸਖ਼ਤ ਕਾਰਵਾਈ ਕਰਨ ਦੀ ਡੰਗੀ ਲੋੜ ਹੈ।

ਇਹ ਸਮੱਸਿਆ ਸਿਰਫ਼ ਬਹਾਦਰਗੜ੍ਹ ਤੱਕ ਹੀ ਸੀਮਤ ਨਹੀਂ ਹੈ। ਹਰਿਆਣਾ ਦੇ ਐੱਨ ਸੀ ਆਰ ਜ਼ਿਲ੍ਹਿਆਂ ਵਿੱਚ 298 ਉਦਯੋਗਿਕ ਇਕਾਈਆਂ ਨੂੰ ਧੂੰਏਂ ਅਤੇ ਗੈਸਾਂ ਦੀ ਨਿਗਰਾਨੀ ਦੇ ਅੰਕੜੇ ਨਾਕਾਫ਼ੀ ਹੋਣ ਕਾਰਨ ਬੰਦ ਕਰਨ ਦੇ ਨੋਟਿਸ ਮਿਲ ਚੁੱਕੇ ਹਨ। ਭਾਵੇਂ ਉਦਯੋਗਿਕ ਜਥੇਬੰਦੀਆਂ ਇਹ ਦਲੀਲ ਦਿੰਦੀਆਂ ਹਨ ਕਿ ਜਦੋਂ ਵਾਹਨ, ਉਸਾਰੀ ਦੀ ਧੂੜ ਅਤੇ ਪਰਾਲੀ ਸਾੜਨਾ ਵੀ ਪ੍ਰਦੂਸ਼ਣ ਵਿੱਚ ਹਿੱਸਾ ਪਾਉਂਦੇ ਹਨ ਤਾਂ ਇਕੱਲੀਆਂ ਫ਼ੈਕਟਰੀਆਂ ਨੂੰ ਹੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਪਰ ਇਹ ਨਿਯਮਾਂ ਦੀ ਪਾਲਣਾ ਨਾ ਕਰਨ ਦਾ ਕੋਈ ਬਹਾਨਾ ਨਹੀਂ ਬਣ ਸਕਦਾ। ਜ਼ਹਿਰੀਲੀ ਹਵਾ ਵਿਰੁੱਧ ਇਸ ਜੰਗ ਵਿੱਚ ਬਿਨਾਂ ਕਿਸੇ ਚੋਣਵੀਂ ਕਾਰਵਾਈ ਦੇ ਪ੍ਰਦੂਸ਼ਣ ਦੇ ਹਰ ਇੱਕ ਸਰੋਤ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ।

ਹਰਿਆਣਾ ਅਤੇ ਦਿੱਲੀ ਦੋਵਾਂ ਵਿੱਚ ਭਾਜਪਾ ਦੀ ਸਰਕਾਰ ਹੋਣ ਕਾਰਨ ਆਪਸੀ ਤਾਲਮੇਲ ਨਾਲ ਕਾਰਵਾਈ ਕਰਨ ਵਿੱਚ ਕੋਈ ਸਿਆਸੀ ਅੜਿੱਕਾ ਨਹੀਂ ਹੋਣਾ ਚਾਹੀਦਾ। ਦੋਵਾਂ ਨੂੰ ਕੇਂਦਰ ਸਰਕਾਰ ਅਤੇ ਨਿਗਰਾਨ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਨਿਯਮਤ ਜਾਂਚ, ਕੰਮ ਕਰ ਰਹੇ ਪ੍ਰਦੂਸ਼ਣ ਰੋਕਥਾਮ ਉਪਕਰਨਾਂ, ਧੂੰਏਂ/ਗੈਸਾਂ ਦੇ ਨਿਕਾਸ ਦੀ ਪਾਰਦਰਸ਼ੀ ਨਿਗਰਾਨੀ ਅਤੇ ਵਾਰ-ਵਾਰ ਨਿਯਮ ਤੋੜਨ ਵਾਲਿਆਂ ਲਈ ਸਖ਼ਤ ਸਜ਼ਾਵਾਂ ਨੂੰ ਯਕੀਨੀ ਬਣਾਇਆ ਜਾ ਸਕੇ। ਨਿਯਮਾਂ ਦੀ ਪਾਲਣਾ ਕਰਨ ਵਾਲੇ ਉਦਯੋਗਾਂ ਨੂੰ ਸਾਫ਼-ਸੁਥਰੀ ਤਕਨੀਕ ਅਪਣਾਉਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ, ਪਰ ਨਿਯਮਾਂ ਦੀ ਅਣਦੇਖੀ ਕਰਨ ਵਾਲਿਆਂ ਨੂੰ ਇਸ ਦੇ ਨਤੀਜੇ ਭੁਗਤਣੇ ਪੈਣਗੇ। ਮੌਸਮੀ ਪਾਬੰਦੀਆਂ ਅਤੇ ਐਮਰਜੈਂਸੀ ਉਪਾਅ ਲੰਬੇ ਸਮੇਂ ਤੱਕ ਚੱਲਣ ਵਾਲੀ ਸਖ਼ਤ ਪ੍ਰਸ਼ਾਸਨਿਕ ਕਾਰਵਾਈ ਦਾ ਕਦੇ ਵੀ ਬਦਲ ਨਹੀਂ ਹੋ ਸਕਦੇ।

ਸੇਵਾ ਟਰੱਸਟ ਯੂਕੇ ਦੀ ਦਸਵੀਂ ਵਰ੍ਹੇਗੰਢ ਮੌਕੇ ਹਾਊਸ ਆਫ਼ ਕਾਮਨਜ਼ ਵਿਖੇ ਸਮਾਗਮ ਆਯੋਜਿਤ



ਮਲੇਰਕੋਟਲਾ, 23 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੇਵਾ ਟਰੱਸਟ ਯੂਕੇ ਦੀ ਦਸਵੀਂ ਵਰ੍ਹੇਗੰਢ ਮੌਕੇ ਬ੍ਰਿਟਿਸ਼ ਸੰਸਦ ਦੇ ਹਾਊਸ ਆਫ਼ ਕਾਮਨਜ਼, ਲੰਡਨ ਵਿਖੇ ਵਿਸ਼ੇਸ਼ ਸਮਾਗਮ ਆਯੋਜਿਤ ਕਰਵਾਇਆ ਗਿਆ। ਬੈੱਡਫੋਰਡ ਦੇ ਸੰਸਦ ਮੈਂਬਰ ਮੁਹੰਮਦ ਯਾਸੀਨ ਦੀ ਮੇਜ਼ਬਾਨੀ ਅਤੇ ਟਰੱਸਟ ਦੇ ਸੰਸਥਾਪਕ ਚਰਨ ਸਿੰਘ ਸੇਖੋਂ (ਐਮ.ਬੀ.ਈ.) ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਵਿੱਚ ਬੈੱਡਫੋਰਡਸ਼ਾਇਰ ਦੇ ਲਾਰਡ-ਲੈਫਟੀਨੈਂਟ ਦੇ ਪ੍ਰਤੀਨਿਧੀ ਪ੍ਰੋਫੈਸਰ ਗੁਰਚ ਰੰਧਾਵਾ, ਸੰਸਦ ਮੈਂਬਰ ਗੁਰਿੰਦਰ ਸਿੰਘ ਜੋਸਨ (ਸੀ.ਬੀ.ਈ.), ਪ੍ਰੋਫੈਸਰ ਜਗਤਾਰ ਸਿੰਘ (ਸੀ.ਬੀ.ਈ.) ਅਤੇ ਅੰਮ੍ਰਿਤਪਾਲ ਸਿੰਘ ਮਾਨ (ਓ.ਬੀ.ਈ.) ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸਮਾਜ ਸੇਵਾ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਪਾਉਣ ਲਈ ਨਰੇਸ਼ ਕੁਮਾਰ ਮਿੱਤਲ, ਡਾ. ਵਰਿੰਦਰ ਜੈਨ, ਵਿਵੇਕ ਸ਼ਰਮਾ, ਸੀ.ਏ. ਵਾਗੀਸ਼ ਸ਼ਰਮਾ ਅਤੇ ਗੁਰਦੀਪ ਸਿੰਘ ਪੰਨੂ ਨੂੰ 'ਯੂਕੇ-ਇੰਡੀਆ ਇੰਪੈਕਟ ਐਵਾਰਡਜ਼' ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸੇਵਾ ਧਾਮ ਦੇ ਸਹਿਯੋਗੀ ਅਨੁਜ ਅਗਰਵਾਲ, ਸਾਕਸ਼ੀ ਸਰਪਾਲ, ਦਵਿੰਦਰ ਸੈਣੀ, ਪੂਜਾ ਅਗਰਵਾਲ, ਹਿਮਾਂਸ਼ੂ ਛਾਬੜਾ, ਵਿਨੀਤ ਕੁਮਾਰ ਮਲਿਕ ਅਤੇ ਮਹਿੰਦਰ ਸਿੰਘ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚਰਨ ਸਿੰਘ ਸੇਖੋਂ ਨੇ ਟਰੱਸਟ ਦੀ ਦਸ ਸਾਲਾਂ ਦੀ ਸੇਵਾ ਯਾਤਰਾ ਸਾਂਝੀ ਕਰਦਿਆਂ ਦੱਸਿਆ ਕਿ ਸੇਵਾ ਧਾਮ ਆਸ਼ਰਮ, ਸਾਹਾ (ਅੰਬਾਲਾ) ਵਿਖੇ ਡੀ.ਐੱਮ.ਡੀ. (ਡਿਊਸ਼ੇਨ ਮਸਕੁਲਰ ਡਿਸਟ੍ਰੋਫੀ) ਅਤੇ ਹੋਰ ਦੁਰਲੱਭ ਬਿਮਾਰੀਆਂ ਤੋਂ ਪੀੜਤ ਬੱਚਿਆਂ ਨੂੰ ਮੁਫ਼ਤ ਫਿਜ਼ੀਓਥੈਰੇਪੀ, ਹਾਈਡ੍ਰੋਥੈਰੇਪੀ, ਯੋਗਾ, ਕਾਊਂਸਲਿੰਗ, ਰਿਹਾਇਸ਼ ਅਤੇ ਭੋਜਨ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਇਸ ਮੌਕੇ ਸੇਵਾ ਟਰੱਸਟ ਯੂਕੇ (ਭਾਰਤ) ਦੇ ਚੇਅਰਮੈਨ ਨਰੇਸ਼ ਮਿੱਤਲ ਨੇ ਕਿਹਾ ਕਿ ਬ੍ਰਿਟਿਸ਼ ਸੰਸਦ ਵਿੱਚ ਮਨੁੱਖਤਾ ਦੀ ਸੇਵਾ ਲਈ ਸਨਮਾਨ ਮਿਲਣਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਲਈ 'ਸੇਵਾ' ਸਿਰਫ਼ ਇੱਕ ਜ਼ਿੰਮੇਵਾਰੀ ਨਹੀਂ, ਸਗੋਂ ਮਨੁੱਖਤਾ ਪ੍ਰਤੀ ਇੱਕ ਸੰਕਲਪ ਹੈ। ਐਡਵਾਈਜ਼ਰੀ ਬੋਰਡ ਦੇ ਚੇਅਰਮੈਨ ਵਾਗੀਸ਼ ਸ਼ਰਮਾ ਅਤੇ ਸ਼ਮਿੰਦਰ ਸਿੰਘ ਗਰਚਾ ਨੇ ਕਿਹਾ ਕਿ ਸਮਾਜ ਦੇ ਹਿੱਤ ਅਤੇ ਸੰਸਾਰ ਦੇ ਕਲਿਆਣ ਨੂੰ ਧਿਆਨ ਵਿੱਚ ਰੱਖ ਕੇ ਕਾਰਜ ਕਰਨੇ ਚਾਹੀਦੇ ਹਨ। ਉਨ੍ਹਾਂ ਸਮਾਜ ਸੇਵਾ ਦੇ ਕਾਰਜਾਂ ਨੂੰ ਮਨੁੱਖਤਾ ਦੀ ਭਲਾਈ ਲਈ ਅਹਿਮ ਦੱਸਿਆ।

ਮਾਨ ਸਰਕਾਰ ਵੱਲੋਂ ਲੋੜਵੰਦ ਪਰਿਵਾਰਾਂ ਲਈ 10 ਲੱਖ ਨਵੇਂ ਰਾਸ਼ਨ ਕਾਰਡ ਜਾਰੀ ਕਰਨਾ ਇਤਿਹਾਸਿਕ ਕਦਮ : ਸੁਰਜੀਤ ਸਿੰਘ ਰੱਖੜਾ

ਪਾਤੜਾਂ, 23 ਨਵੰਬਰ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਸਾਬਕਾ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਵਿਧਾਨ ਸਭਾ ਹਲਕਾ ਸਮਾਣਾ ਦੇ ਇੰਚਾਰਜ ਸ. ਸੁਰਜੀਤ ਸਿੰਘ ਰੱਖੜਾ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਮਾਨ ਸਰਕਾਰ ਵੱਲੋਂ ਸੂਬੇ ਦੇ ਲੋੜਵੰਦ ਪਰਿਵਾਰਾਂ ਲਈ 10 ਲੱਖ ਨਵੇਂ ਸਮਾਰਟ ਰਾਸ਼ਨ ਕਾਰਡ ਜਾਰੀ ਕਰਨ ਦੇ ਫ਼ੈਸਲੇ ਦਾ ਭਰਵਾਂ ਸਵਾਗਤ ਕਰਦਿਆਂ ਇਸ ਨੂੰ ਲੋਕ-ਪੱਖੀ ਅਤੇ ਇਤਿਹਾਸਿਕ ਪਹਿਲਕਦਮੀ ਕਰਾਰ ਦਿੱਤਾ ਹੈ।

ਇਸ ਸਬੰਧੀ ਗੱਲਬਾਤ ਕਰਦਿਆਂ ਸ. ਰੱਖੜਾ ਨੇ ਕਿਹਾ ਕਿ ਮਹਿੰਗਾਈ ਦੇ ਮੌਜੂਦਾ ਦੌਰ ਵਿੱਚ ਗ਼ਰੀਬ ਅਤੇ ਲੋੜਵੰਦ ਪਰਿਵਾਰਾਂ, ਦਿਹਾੜੀਦਾਰ ਮਜ਼ਦੂਰਾਂ, ਅਨੁਸੂਚਿਤ ਜਾਤੀ ਨਾਲ ਸੰਬੰਧਿਤ ਪਰਿਵਾਰਾਂ ਅਤੇ ਵਿਧਵਾ ਔਰਤਾਂ ਨੂੰ ਰਾਸ਼ਨ ਕਾਰਡ ਮੁਹੱਈਆ ਕਰਵਾਉਣ ਦਾ ਫ਼ੈਸਲਾ ਸਰਕਾਰ ਦੀ



ਲੋਕਾਂ ਪ੍ਰਤੀ ਸੰਵੇਦਨਸ਼ੀਲ ਪਹੁੰਚ ਨੂੰ ਦਰਸਾਉਂਦਾ ਹੈ। ਇਸ ਨਾਲ ਅਜਿਹੇ ਪਰਿਵਾਰਾਂ ਨੂੰ ਸਰਕਾਰੀ ਸਹੂਲਤਾਂ ਦਾ ਲਾਭ ਮਿਲਣ ਦੇ ਨਾਲ ਉਨ੍ਹਾਂ ਦੇ ਘਰੇਲੂ ਖ਼ਰਚਿਆਂ ਦਾ ਬੋਝ ਵੀ ਘਟੇਗਾ।

ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦਾ 'ਨੋ ਕੈਸ਼, ਨੋ ਫਰਮਾਇਸ਼' ਦੀ ਨੀਤੀ ਤਹਿਤ ਬਿਨ੍ਹਾਂ ਕਿਸੇ ਸਿਆਸੀ ਵਿਤਕਰੇ ਜਾਂ ਸਿਫ਼ਾਰਸ਼ ਦੇ ਯੋਗ ਲਾਭਪਾਤਰੀਆਂ ਦੀ ਚੋਣ ਕਰਨਾ ਸ਼ਲਾਘਾਯੋਗ ਕਦਮ ਹੈ। ਇਸ ਨਾਲ ਸਰਕਾਰੀ ਸਹੂਲਤਾਂ ਦਾ ਲਾਭ ਅਸਲ ਹੱਕਦਾਰਾਂ ਤੱਕ ਪਹੁੰਚਾਉਣ ਵਿੱਚ ਮਦਦ ਮਿਲੇਗੀ। ਇਸ ਦੇ ਨਾਲ ਹੀ ਜਿਨ੍ਹਾਂ ਬਿਨੈਕਾਰਾਂ ਦੇ ਫਾਰਮਾਂ ਵਿੱਚ ਤਕਨੀਕੀ ਗਲਤੀਆਂ ਰਹਿ ਗਈਆਂ ਸਨ, ਉਨ੍ਹਾਂ ਨੂੰ ਸੁਧਾਰ ਦਾ ਮੌਕਾ ਦੇਣਾ ਵੀ ਇੱਕ ਚੰਗੀ ਪਹਿਲ ਹੈ।

ਸ. ਰੱਖੜਾ ਨੇ ਕਿਹਾ ਕਿ ਨਵੇਂ ਰਾਸ਼ਨ ਕਾਰਡ ਧਾਰਕਾਂ ਨੂੰ ਹਰ ਮਹੀਨੇ ਮੁਫ਼ਤ ਕਣਕ ਦੇ ਨਾਲ 'ਮੇਰੀ ਰਸੋਈ' ਯੋਜਨਾ ਤਹਿਤ ਦਾਲਾਂ, ਤੇਲ, ਖੰਡ ਅਤੇ ਹੋਰ ਜ਼ਰੂਰੀ ਵਸਤਾਂ ਦੀਆਂ ਕਿੱਟਾਂ ਮੁਹੱਈਆ ਕਰਵਾਉਣ ਨਾਲ ਲੱਖਾਂ ਪਰਿਵਾਰਾਂ ਨੂੰ ਰੋਜ਼ਾਨਾ ਜੀਵਨ ਵਿੱਚ ਆਰਥਿਕ ਰਾਹਤ ਮਿਲੇਗੀ।

ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਵੱਖ-ਵੱਖ ਵਰਗਾਂ ਦੀ ਭਲਾਈ ਲਈ ਕੀਤੇ ਜਾ ਰਹੇ ਉਪਰਾਲੇ ਪੰਜਾਬ ਨੂੰ ਮੁੜ ਖ਼ੁਸ਼ਹਾਲ ਅਤੇ ਰੰਗਲਾ ਪੰਜਾਬ ਬਣਾਉਣ ਦੇ ਟੀਚੇ ਵੱਲ ਵੱਧ ਰਹੇ ਅਹਿਮ ਕਦਮ ਹਨ।

ਪਰਾਲੀ ਅਤੇ ਜੀਰੀ ਦੀ ਫਸਲ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਦੇ ਮਾਮਲੇ 'ਚ ਪੰਜ ਵਿਅਕਤੀਆਂ ਖ਼ਿਲਾਫ਼ ਕੇਸ ਦਰਜ

ਪਾਤੜਾਂ, 23 ਨਵੰਬਰ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਪੁਲਿਸ ਵੱਲੋਂ ਕੀਤੀ ਜਾ ਰਹੀ ਕਾਰਵਾਈ ਤਹਿਤ ਘੱਗਾ ਅਤੇ ਪਾਤੜਾਂ ਪੁਲਿਸ ਨੇ ਪਰਾਲੀ ਅਤੇ ਜੀਰੀ ਦੀ ਫ਼ਸਲ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਦੇ ਮਾਮਲੇ ਵਿੱਚ ਪੰਜ ਵਿਅਕਤੀਆਂ ਖ਼ਿਲਾਫ਼ ਤਿੰਨ ਵੱਖ-ਵੱਖ ਮੁਕੱਦਮੇ ਦਰਜ ਕੀਤੇ ਹਨ।

ਇਸ ਸਬੰਧੀ ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ ਘੱਗਾ ਪੁਲਿਸ ਦੇ ਹੌਲਦਾਰ ਮਨਦੀਪ ਸਿੰਘ ਸਮੇਤ ਪੁਲਿਸ ਪਾਰਟੀ ਨੂੰ ਗਸ਼ਤ ਦੌਰਾਨ ਸੂਚਨਾ ਮਿਲੀ ਕਿ ਪਿੰਡ ਕਲਵਾਨੂੰ ਵਿਖੇ ਗੁਰਭੇਜ ਸਿੰਘ, ਬਸੰਤ ਸਿੰਘ, ਕੁਲਦੀਪ ਸਿੰਘ ਅਤੇ ਬਲਕਾਰ ਸਿੰਘ ਪੁੱਤਰਾਨ ਸੀਤਾ ਸਿੰਘ ਵਾਸੀਆਨ ਕਲਵਾਨੂੰ ਵੱਲੋਂ ਆਪਣੇ ਖੇਤਾਂ ਵਿੱਚ ਜੀਰੀ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾ ਕੇ ਜ਼ਿਲ੍ਹਾ ਮੈਜਿਸਟਰੇਟ ਦੇ ਹੁਕਮਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ। ਇਸ ਸਬੰਧੀ ਪੁਲਿਸ ਨੇ ਚਾਰਾਂ ਵਿਅਕਤੀਆਂ ਖ਼ਿਲਾਫ਼ ਮੁਕੱਦਮਾ ਨੰਬਰ 159, ਧਾਰਾ 223 ਤਹਿਤ ਕੇਸ ਦਰਜ ਕੀਤਾ ਹੈ।

ਇਸੇ ਤਰ੍ਹਾਂ ਦੂਜੇ ਮਾਮਲੇ ਵਿੱਚ ਪਿੰਡ ਬੂਟਾ ਸਿੰਘ ਵਾਲਾ ਦੇ ਹਰਚਰਨ ਸਿੰਘ ਪੁੱਤਰ ਬਲਦੇਵ ਸਿੰਘ ਵੱਲੋਂ ਆਪਣੇ ਖੇਤਾਂ ਵਿੱਚ ਜੀਰੀ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾ ਕੇ ਜ਼ਿਲ੍ਹਾ ਮੈਜਿਸਟਰੇਟ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਮੁਕੱਦਮਾ ਨੰਬਰ 160, ਧਾਰਾ 223 ਤਹਿਤ ਦਰਜ ਕੀਤਾ ਗਿਆ ਹੈ।

ਉਧਰ, ਪਾਤੜਾਂ ਪੁਲਿਸ ਥਾਣੇ ਵਿੱਚ ਵੀ ਇਸੇ ਸਬੰਧੀ ਇੱਕ ਹੋਰ ਮਾਮਲਾ ਦਰਜ ਕੀਤਾ ਗਿਆ ਹੈ।

ਪੁਲਿਸ ਮੁਲਾਜ਼ਮ ਹੌਲਦਾਰ ਅਮਰ ਚੰਦ ਸਮੇਤ ਪੁਲਿਸ ਪਾਰਟੀ ਨੂੰ ਸੂਚਨਾ ਮਿਲੀ ਕਿ ਪਿੰਡ ਸ਼ੇਰਗੜ੍ਹ ਵਿਖੇ ਨਾਮਾਲੂਮ ਵਿਅਕਤੀ ਆਪਣੇ ਖੇਤਾਂ ਵਿੱਚ ਜੀਰੀ ਦੀ ਫ਼ਸਲ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾ ਰਹੇ ਹਨ। ਇਸ ਸਬੰਧੀ ਪੁਲਿਸ ਨੇ ਮੁਕੱਦਮਾ ਨੰਬਰ 378, ਧਾਰਾ 223 ਤਹਿਤ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਜਥੇਦਾਰ ਵੱਲੋਂ ਪ੍ਰਬੰਧਕ ਅਤੇ ਦਿੱਲੀ ਕਮੇਟੀ ਮੈਂਬਰ ਤਲਬ

ਅੰਮ੍ਰਿਤਸਰ, 23 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦਿੱਲੀ ਦੇ ਤਿਲਕ ਨਗਰ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਹਿਬਪੁਰਾ ਵਿਖੇ ਵਾਪਰੀ ਬੇਅਦਬੀ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਇਸ ਮਾਮਲੇ ਵਿੱਚ ਤੁਰੰਤ ਨੋਟਿਸ ਲੈਂਦਿਆਂ ਜਥੇਦਾਰ ਗੜਗੱਜ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਿੱਲੀ ਸਿੱਖ ਮਿਸ਼ਨ ਰਾਹੀਂ ਘਟਨਾ ਸਬੰਧੀ ਰਿਪੋਰਟ ਪ੍ਰਾਪਤ ਕੀਤੀ ਹੈ। ਦਿੱਲੀ ਦੀ ਸਿੱਖ ਸੰਗਤ ਵੱਲੋਂ ਵੀ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼ਿਕਾਇਤਾਂ ਭੇਜੀਆਂ ਗਈਆਂ ਹਨ। ਪੁੱਜੀ ਰਿਪੋਰਟ ਅਤੇ ਸ਼ਿਕਾਇਤ ਅਨੁਸਾਰ ਇਸ ਮਾਮਲੇ ਵਿੱਚ ਬੇਅਦਬੀ ਹੋਣ ਤੋਂ ਬਾਅਦ ਪ੍ਰਬੰਧਕਾਂ ਨੇ ਕਥਿਤ ਤੌਰ ਉੱਤੇ ਮਾਮਲੇ ਨੂੰ ਸੰਜੀਦਗੀ ਨਾਲ ਨਹੀਂ ਲਿਆ ਅਤੇ ਗੁਰੂ ਘਰ ਅੰਦਰ ਸੁਰੱਖਿਆ ਦੇ ਪੁਖ਼ਤਾ ਪ੍ਰਬੰਧਾਂ ਵਿੱਚ ਅਣਗਹਿਲੀ ਵਰਤੀ ਹੈ, ਜਿਸ ਕਰਕੇ ਸਿੱਖ ਸੰਗਤ ਦੇ ਮਨਾਂ ਵਿੱਚ ਭਾਰੀ ਰੋਸ ਹੈ।

ਇਸ 'ਤੇ ਕਾਰਵਾਈ ਕਰਦਿਆਂ ਜਥੇਦਾਰ ਨੇ ਦਿੱਲੀ ਸਿੱਖ



ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਮਿੰਦਰ ਸਿੰਘ ਅਤੇ ਬੀਬੀ ਰਣਜੀਤ ਕੌਰ, ਗੁਰਦੁਆਰਾ ਸਾਹਿਬ ਦੀ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਪ੍ਰੇਮ

ਸ੍ਰੀ ਗੁਰੂ ਨਾਨਕ ਦੇਵ ਜੀ - ਜੀਵਨ ਤੇ ਵਿਚਾਰਧਾਰਾ

ਸੰਤ ਸੇਵਾ ਸਿੰਘ

ਜਿਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸੰਸਾਰ ਵਿਚ ਪ੍ਰਕਾਸ਼ ਕੀਤਾ, ਉਸ ਸਮੇਂ ਹਿੰਦ ਵਾਸੀਆਂ ਦੀ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਦਸ਼ਾ ਬੜੀ ਤਰਸਯੋਗ ਸੀ। ਰਾਜਨੀਤਕ ਤੌਰ ਤੇ ਸਾਰਾ ਹਿੰਦੁਸਤਾਨ ਵੱਖ-ਵੱਖ ਖੇਤਰਾਂ ਵਿਚ ਵੰਡਿਆ ਹੋਇਆ ਸੀ। ਇਕ ਖੇਤਰ ਦਾ ਰਜਵਾੜਾ ਦੂਸਰੇ ਨੂੰ ਵੇਖਣਾ ਪਸੰਦ ਨਹੀਂ ਕਰਦਾ ਸੀ। ਆਪਸੀ ਫੁਟ ਦੇ ਕਾਰਣ ਹਿੰਦੁਸਤਾਨ ਗੁਲਾਮਾਂ ਦਾ ਗੁਲਾਮ ਹੋ ਗਿਆ ਸੀ। ਹਰ ਪਾਸੇ ਬੇਚੈਨੀ ਹੀ ਬੇਚੈਨੀ ਫੈਲੀ ਹੋਈ ਸੀ। ਠਗੀ-ਠੋਰੀ, ਫਰੇਬ-ਧੋਖਾਧੜੀ, ਚਲਾਕੀ, ਮਕਾਰੀ ਦਾ ਬੋਲ ਬਾਲਾ ਸੀ। ਹਰ ਪਾਸੇ ਪਾਪ ਦੇ ਸੰਘਣੇ ਬੱਦਲ ਛਾਏ ਹੋਏ ਸਨ। ਜਿਨ੍ਹਾਂ ਰਾਜਿਆਂ ਨੇ ਪਰਜਾ ਦੀ ਰਖਵਾਲੀ ਕਰਨੀ ਸੀ, ਉਹ ਆਪ ਹੀ ਸ਼ੇਰਾਂ ਦਾ ਰੂਪ ਧਾਰ ਕੇ ਆਪਣੀ ਹੀ ਪਰਜਾ ਨੂੰ ਖਾ ਰਹੇ ਸਨ। ਅਹਿਲਕਾਰਾਂ ਦੀ ਬਿਰਤੀ ਕੁੱਤਿਆਂ ਵਰਗੀ ਹੋ ਚੁੱਕੀ ਸੀ। ਸਤਿਗੁਰੂ ਨਾਨਕ ਪਾਤਿਸ਼ਾਹ ਜੀ ਨੇ ਉਸ ਸਮੇਂ ਦੀ ਦਸ਼ਾ ਦਾ ਵਰਨਣ ਗੁਰਬਾਣੀ ਵਿਚ ਖੁਦ ਕੀਤਾ ਹੈ :

ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨਿ੍ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ੍ ਘਾਉ ॥
ਰਤੁ ਪਿਤੁ ਕੁਤਿਹੋ ਚਟਿ ਜਾਹੁ ॥

ਰਖਵਾਲੇ ਆਪਣੀ ਜ਼ਿੰਮੇਵਾਰੀ ਦਾ ਤਿਆਗ ਕਰਕੇ ਦਿਨ ਰਾਤ ਐਸ਼ਪ੍ਰਸਤੀ ਵਿਚ ਗਲਤਾਨ ਸਨ। ਪਰਜਾ ਬਿਲਕੁਲ ਬੇਸਹਾਰੀ ਹੋ ਕੇ ਬੇਬਸੀ ਦੀ ਦਸ਼ਾ ਵਿਚ ਜੂਝ ਰਹੀ ਸੀ। ਇਨਸਾਫ ਕਰਨ ਵਾਲੇ ਵੱਢੀ ਲੈ ਕੇ, ਸੱਚੇ ਦਾ ਹੱਕ ਝੂਠੇ ਨੂੰ ਦੇ ਦਿੰਦੇ ਸਨ। ਧਾਰਮਿਕ ਨਿਘਾਰ ਇੱਥੋਂ ਤਕ ਆ ਚੁੱਕਾ ਸੀ ਕਿ ਮਾਇਆ ਦੀ ਖਾਤਰ ਆਪਣੇ ਆਪ ਨੂੰ ਗੁਰੂ ਅਖਵਾਉਣ ਵਾਲੇ, ਚੇਲਿਆਂ ਦੇ ਘਰਾਂ ਵਿਚ ਜਾ ਕੇ ਉਨ੍ਹਾਂ ਦੇ ਕੰਨਾਂ ਵਿਚ ਉਪਦੇਸ਼ ਨੂੰ ਵੇਚਦੇ ਸਨ। ਇਸਤ੍ਰੀ-ਪੁਰਸ਼ ਦਾ ਸਤੀ-ਪਤੀ ਦਾ ਪਿਆਰ ਨਹੀਂ ਰਿਹਾ ਸੀ, ਕੇਵਲ ਮਾਇਆ ਦੀ ਖ਼ਾਤਰ ਹੀ ਸਬੰਧ ਸੀ। ਮਾਇਆ ਦੀ ਖ਼ਾਤਰ ਭਾਵੇਂ ਕੋਈ ਕਿਸੇ ਥਾਂ, ਕੁੱਥਾਂ ਤੁਰਿਆ ਫਿਰੇ, ਕੋਈ ਪੁੱਛਦਾ ਨਹੀਂ ਸੀ। ਉਸ ਸਮੇਂ ਹਰ ਪਾਸੇ ਪਾਪ ਦਾ ਹੀ ਵਰਤਾਰਾ ਵਰਤ ਰਿਹਾ ਸੀ।

ਸਤਿਗੁਰੂ ਨਾਨਕ ਪਾਤਿਸ਼ਾਹ ਜੀ ਦੇ ਫੁਰਮਾਨ ਅਨੁਸਾਰ ਉਸ ਸਮੇਂ ਕਿਹੋ ਜਿਹਾ ਅਧੋਗਤੀ ਦਾ ਵਰਤਾਰਾ ਹਰ ਪਾਸੇ ਵਰਤ ਰਿਹਾ ਸੀ। ਆਪ ਫੁਰਮਾਉਂਦੇ ਹਨ, ਰਾਜਿਆਂ ਨੇ ਕਸਾਈਆਂ ਦਾ ਰੂਪ ਧਾਰਨ ਕੀਤਾ ਹੋਇਆ ਸੀ। ਧਰਮ ਨਾਂ ਦੀ ਕੋਈ ਚੀਜ਼ ਹੀ ਨਹੀਂ ਦਿੱਸਦੀ ਸੀ। ਜਿਵੇਂ ਧਰਮ ਮਾਨੋਂ ਖੰਭ ਲਾ ਕੇ ਅਸਮਾਨੀ ਉੱਡ ਗਿਆ ਹੋਵੇ। ਹਰ ਪਾਸੇ ਕੂੜ ਕੁਸਤ ਦੀ ਕਾਲੀ ਬੋਲੀ ਰਾਤ ਛਾਈ ਹੋਈ ਸੀ। ਸੱਚ ਕਿਧਰੋਂ ਭਾਲਿਆਂ ਵੀ ਦਿਖਾਈ ਨਹੀਂ ਦਿੰਦਾ ਸੀ। ਹਰ ਪਾਸੇ ਹਉਮੈਂ ਹੀ ਪ੍ਰਧਾਨ ਸੀ, ਜਿਸ ਕਾਰਨ ਹਰ ਮਨੁੱਖ ਅਤਿਅੰਤ ਦੁੱਖਾਂ ਵਿਚ ਗ੍ਰਸਿਆ ਹੋਇਆ ਸੀ।

ਜਿਨ੍ਹਾਂ ਲੋਕਾਂ ਨੇ ਲੋਕਾਈ ਦੀ ਰੱਖਿਆ ਕਰਨਾ ਆਪਣਾ ਧਰਮ ਪ੍ਰਵਾਨਿਆ ਸੀ, ਉਹਾ ਵੀ ਆਪਣਾ ਧਰਮ ਛੱਡ ਕੇ ਦਿਲ ਹਾਰ ਬੈਠੇ ਸਨ ਅਤੇ ਮਲੇਸ਼ਾਂ ਦੀ ਬੋਲੀ ਬੋਲਦੇ ਸਨ।

ਸਾਰੀ ਲੋਕਾਈ ਜਾਤਾਂ ਪਾਤਾਂ ਵਿਚ ਵੰਡੀ ਹੋਈ ਸੀ। ਇੱਕ ਮਨੁੱਖ ਦੂਜੇ ਮਨੁੱਖ ਤੋਂ ਨਫ਼ਰਤ ਕਰਦਾ ਸੀ। ਇਕ ਫਿਰਕਾ ਦੂਜੇ ਨੂੰ ਵੱਢੂ-ਖਾਊ ਕਰਦਾ ਸੀ। ਧਾਰਮਿਕ ਕਰਮ ਕਾਂਢ ਕੇਵਲ ਵਿਖਾਵੇ ਦੇ ਹੀ ਰਹਿ ਗਏ ਸਨ।

ਸਾਰਾ ਧਰਮ ਕਰਮ ਮਾਇਆ ਦੀ ਖਾਤਰ ਹੀ ਹੁੰਦਾ ਸੀ। ਧਰਮ ਬਿਲਕੁਲ ਨਿਰਜਿੰਦ ਲੋਥ ਬਣ ਕੇ ਰਹਿ ਗਿਆ ਸੀ। ਧਰਮ ਦੇ ਠੇਕੇਦਾਰ ਕਹਿਲਾਉਣ ਵਾਲਿਆਂ ਦੀ ਕਿਹੋ ਜਿਹੀ ਦਸ਼ਾ ਹੋ ਗਈ ਸੀ। ਸਤਿਗੁਰ ਜੀ ਨੇ ਖੁਦ ਧਨਾਸਰੀ ਰਾਗ ਵਿਚ ਅੰਕਿਤ ਕੀਤੀ ਹੈ।

ਪਰਮੇਸ਼ਰ ਸਰੂਪ ਗੁਰੂ ਨਾਨਕ ਪਾਤਿਸ਼ਾਹ ਜੀ ਨੇ ਇਹੋ ਜਿਹੀ ਅਧਗੋਤੀ ਦੀ ਜਿਲ੍ਹਣ ਵਿਚੋਂ ਲੋਕਾਈ ਨੂੰ ਨਿਜਾਤ ਦਿਵਾਉਣ ਲਈ 20.10.1469 ਈ: (ਕੱਤਕ ਕੀ ਪੂਰਨਮਾਸ਼ੀ 1526 ਬਿਕਰਮੀ ਨੂੰ) ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ, ਜ਼ਿਲ੍ਹਾ ਸ਼ੇਖੂਪੁਰਾ, ਪਾਕਿਸਤਾਨ) ਵਿਖੇ ਅਵਤਾਰ ਧਾਰਿਆ।

ਆਪ ਜੀ ਨੇ ਛੋਟੀ ਆਯੂ ਤੋਂ ਹੀ ਜਿਸ ਕਾਰਜ ਵਾਸਤੇ ਆਗਮਨ ਕੀਤਾ ਸੀ ਉਸ ਕਾਰਜ ਕਰਨ ਦਾ ਬੀੜਾ ਚੁੱਕ ਲਿਆ। ਫੋਕੀਆਂ ਗੀਤਾਂ ਰਿਵਾਜਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਬੜੀ ਦਲੇਰੀ ਨਾਲ ਸੱਚ ਦੀ ਆਵਾਜ਼ ਨੂੰ ਬੁਲੰਦ ਕੀਤਾ।

ਮਨੁੱਖਤਾ ਨੂੰ ***"ਇਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੌ ਮੰਦੇ ॥"*** ਦਾ ਸਬਕ ਦ੍ਰਿੜ੍ਹ ਕਰਾਉਣ ਲਈ ਦਾਨੇ ਮਰਾਸੀ ਨੂੰ ਭਾਈ ਮਰਦਾਨਾ ਬਣਾ ਕੇ ਸੰਸਾਰ ਤਾਰਨ ਲਈ ਭਾਈਵਾਲ ਬਣਾਇਆ- ਦੇ ਪੂਰਨੇ ਪਾਉਣ ਵਾਸਤੇ ਆਪ ਜੀ ਦੇ ਨੇ ਖੁਦ ਗ੍ਰਹਿਸਤ ਧਰਮ ਨੂੰ ਧਾਰਨ ਕੀਤਾ।

ਆਪ ਨੇ ਪੂਰਨੇ ਪਾਉਣ ਵਾਸਤੇ ਪਹਿਲੀ ਉਮਰ ਵਿਚ ਮੋਦੀ ਖਾਨੇ ਦੀ ਬੜੀ ਤਨ ਦੇਹੀ ਨਾਲ ਨੌਕਰੀ ਕੀਤੀ ਅਤੇ ਆਖਰੀ ਉਮਰੇ ਖੇਤੀ ਕਰਨ ਦੀ ਕਿਰਤ ਕਰਕੇ ਵੰਡ ਛੱਕਣ ਅਤੇ ਨਾਮ ਜਪਣ ਦੇ ਅਸੂਲਾਂ ਤੇ ਬੜੀ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ।

ਰੱਜਿਆਂ ਨੂੰ ਰਜਾਉਣ ਦੀ ਪ੍ਰੰਪਰਾ ਤਾਂ ਪਹਿਲਾਂ ਤੋਂ ਚੱਲ ਰਹੀ ਸੀ। ਪਰ ਆਪ ਜੀ ਨੇ ਭੁਖਿਆਂ ਅਤੇ ਲੋੜਵੰਦਾਂ ਦੀ ਲੋੜ ਪੂਰੀ ਕਰਕੇ ਖਰਾ ਸੌਦਾ ਕਰਨ ਦੀ ਜਾਚ ਸਿਖਾਈ। ਭਾਵੇਂ ਇਸ ਖਰੇ ਸੌਦੇ ਨੂੰ ਕਰਨ ਲਈ ਆਪ ਜੀ ਨੂੰ ਪਿਤਾ ਜੀ ਦੀ ਕਰੋਪੀ ਦਾ ਸ਼ਿਕਾਰ ਹੋਣਾ ਪਿਆ।

ਆਪ ਜੀ ਨੇ ਸਾਰੇ ਭਾਰਤ ਵਰਸ਼ ਅਤੇ ਦੇਸ਼ਾਂ ਵਿਦੇਸ਼ਾਂ ਦਾ 24 ਸਾਲ ਪੈਦਲ ਰਟਨ ਕਰਕੇ, ਥਾਵਾਂ-ਥਾਵਾਂ ਤੇ ਪੁੱਜ ਕੇ ਸੱਚ ਧਰਮ ਦਾ ਪੈਗਾਮ ਲੋਕਾਈ ਨੂੰ ਬਖਸ਼ਿਸ਼ ਕੀਤਾ।

ਆਪ ਜੀ ਹਰਿਦੁਆਰ, ਜਗਨਨਾਥ, ਬੁੱਧ ਗਯਾ, ਦੁਆਰਕਾ, ਕੁਰਕਸ਼ੇਤਰ ਆਦਿ ਸਾਰੇ ਹਿੰਦੂ ਤੀਰਥਾਂ ਤੇ ਗਏ। ਬ੍ਰਾਹਮਣਾਂ ਨੂੰ ਫੋਕਟ ਕਰਮਾਂ ਦਾ ਤਿਆਗ ਕਰਕੇ ਅਮਲੀ ਜੀਵਨ ਜੀਉਣ ਅਤੇ ਸੱਚੇ-ਸੁੱਚੇ ਬ੍ਰਾਹਮਣ ਬਣਨ ਵਾਸਤੇ ਅਗਵਾਈ ਦਿੱਤੀ, ਕਿ ਨਿਰਾ ਅੰਨ ਦਾ ਤਿਆਗ ਕਰਕੇ ਭੁੱਖੇ ਰਹਿਣ ਨਾਲ ਕੁਝ ਨਹੀਂ ਬਣਨਾ। ਜੇ ਪ੍ਰਭੂ ਦਰ ਵਿਚ ਪ੍ਰਵਾਨਗੀ ਲੈਣੀ ਹੈ ਤਾਂ ਝੂਠ ਦੇ ਤਿਆਗੀ ਬਣੋ। ਸਰੀਰਕ ਇਸ਼ਨਾਨ ਕਰੋ, ਪਰ ਨਾਲ ਸੰਤੋਖੀ ਵੀ ਬਣੋ। ਨਿਰਾ ਸਰੀਰਕ ਸੁੱਚਮਤਾ ਕਰਨ ਨਾਲ ਆਤਮਾ ਪਵਿੱਤਰ ਨਹੀਂ ਹੋਣੀ। ਦਇਆ ਤੇ ਖਿਮਾ ਨੂੰ ਜੀਵਣ ਆਧਾਰ ਬਣਾ ਕੇ ਸੁਰਤ ਪ੍ਰਭੂ ਚਰਨਾਂ ਨਾਲ ਜੋੜ ਕੇ ਸ਼੍ਰੇਸ਼ਟ ਸਦਾਚਾਰੀ ਗੁਣਾਂ ਦੇ ਧਾਰਨੀ ਬਣੋ। ਤਦ ਤੁਸੀਂ ਬ੍ਰਾਹਮਣ ਕਹਿਲਾਉਣ ਦੇ ਹੱਕਦਾਰ ਹੋ।

ਬ੍ਰਾਹਮਣ ਅਖਵਾਉਣ ਲਈ ਸਮਸਤ ਸ੍ਰਿਸ਼ਟੀ ਵਿਚ ਬ੍ਰਹਮ ਦੀ ਜੋਤਿ ਵੇਖੋ। ਕਠਿਨ ਜਪ, ਤਪ ਕਰਨ ਦੀ ਥਾਂ ਤੇ ਸ਼੍ਰੇਸ਼ਠ ਕਰਮਾਂ ਦੇ ਧਾਰਨੀ ਬਣਕੇ, ਮਿੱਠਾ ਬੋਲਣਾ ਤੇ ਸੰਤੋਖੀ ਜੀਵਨ ਬਣਾਓ। ਪ੍ਰਭੂ ਦਰ ਦੀ ਪ੍ਰਵਾਨਗੀ ਲਈ ਮੋਹ ਮਾਇਆ ਦੀਆਂ ਫਾਹੀਆਂ ਤੋੜ ਕੇ ਮਾਇਆ ਵਿਚ ਨਿਰਲੇਪ ਜੀਵਨ ਬਤੀਤ ਕਰਕੇ ਹੀ ਬ੍ਰਾਹਮਣ ਕਹਿ ਸਕੋਗੇ।

ਸਤਿਗੁਰੂ ਜੀ ਮੁਸਲਮਾਨਾਂ ਦੇ ਗੜ੍ਹ, ਮੱਕੇ ਵਿਚ ਗਏ। ਆਪ ਜੀ ਨੇ ਉੱਥੇ ਵੀ "ਸਚੁ ਸੁਣਾਇਸੀ ਸਚ ਕੀ ਬੇਲਾ" ਦੇ ਪੂਰਨੇ ਵਾਹੇ। ਮੁਲਸਮਾਨਾਂ ਦੇ ਪੁੱਛ ਕਰਨ ਤੇ ਕਿ ਹਿੰਦੂ ਵੱਡੇ ਹਨ, ਕਿ ਮੁਸਲਮਾਨ ? ਆਪ ਨੇ ਉਨ੍ਹਾਂ ਨੂੰ ਉੱਤਰ ਦਿਤਾ , ਵੱਡਾ ਉਹ ਜਿਸਦੇ ਕਰਮ ਚੰਗੇ ਹਨ। ਜਿਸ ਦੇ ਅਮਲ ਚੰਗੇ ਨਹੀਂ ਉਸ ਨੂੰ ਇਸ ਲੋਕ ਵਿਚ ਫਿਟਕਾਰਾਂ ਅਤੇ ਪ੍ਰਲੋਕ ਵਿਚ ਉਸਦੇ ਪੱਲੇ ਰੋਣਾ ਪਵੇਗਾ।

ਜੇ ਸੱਚੇ ਮੁਸਲਮਾਨ ਬਣਨਾ ਹੈ, ਅੱਲ੍ਹਾ ਦੀ ਦ੍ਰਿਸ਼ਟੀ ਵਿਚ ਪ੍ਰਵਾਨਗੀ ਪ੍ਰਾਪਤ ਕਰਨੀ ਹੈ ਫਿਰ ਪੰਜ ਨਿਵਾਜ਼ਾਂ ਦੇ ਨਾਲ-ਨਾਲ ਪੰਜ ਸੁਭ ਗੁਣ ਵੀ ਧਾਰਨ ਕਰੋ, ਸੱਚੇ ਨਾਮ ਦੀ ਕਮਾਈ ਕਰੋ, ਹੱਕ ਹਲਾਲ ਦੀ ਕਿਰਤ ਤੇ ਸ਼ਾਕਰ ਰਹਿ, ਵੰਡ ਕੇ ਛਕਣ ਦਾ ਸੁਭਾਅ ਧਾਰਨ ਕਰਕੇ ਮਨ ਨੂੰ ਪਵਿੱਤ੍ਰ ਕਰਨ ਦਾ ਜਤਨ ਕਰੋ। ਜਦੋਂ ਸ੍ਰੇਸ਼ਟ ਕਰਣੀ ਦਾ ਕਲਮਾਂ ਪੜ੍ਹੋਗੇ, ਖੁਦਾ ਤੁਹਾਨੂੰ ਰਹਿਮਤ ਦੀ ਨਿਗਾਹ ਨਾਲ ਨਿਵਾਜੇਗਾ।

ਗੁਰੂ ਨਾਨਕ ਪਾਤਿਸ਼ਾਹ, ਸੁਮੇਰ ਪਰਬਤ ਤੇ ਸਿੱਧਾਂ ਨੂੰ ਜਾ ਮਿਲੇ, ਸਿੱਧਾਂ ਨੂੰ ਵੀ ਸੰਤੋਖ ਦੇ ਧਾਰਨੀ ਬਣਨ ਵਾਸਤੇ ਪ੍ਰੇਰਨਾ ਦਿੱਤੀ। ਮੌਤ ਨੂੰ ਯਾਦ ਰੱਖਦੇ ਹੋਏ ਧਿਆਨ ਹਮੇਸ਼ਾਂ ਪ੍ਰਭੂ ਨਾਲ ਜੋੜੀ ਰੱਖਣ ਦੀ ਸਿਖਿਆ ਪ੍ਰਦਾਨ ਕੀਤੀ, ਕਿਉਂਕਿ ਜਿਸ ਨੂੰ ਆਪਣਾ ਅੰਤ ਯਾਦ ਰਹਿੰਦਾ ਹੈ ਉਹ ਅਨੰਤ ਨੂੰ ਕਦੇ ਨਹੀਂ ਭੁਲਦਾ। ਸੱਚਾ ਜੋਗੀ ਬਣਨ ਵਾਸਤੇ ਪ੍ਰਭੂ ਉੱਤੇ ਅਟਲ ਵਿਸ਼ਵਾਸ ਦੇ ਧਾਰਨੀ ਬਣਨਾ ਲਾਜ਼ਮੀ ਹੈ। ਵਿਕਾਰਾਂ ਵਲੋਂ ਬਿਰਤੀ ਤੋੜ ਕੇ ਹਮੇਸ਼ਾਂ ਮਨ ਨੂੰ ਆਪਣੇ ਕਾਬੂ ਵਿਚ ਰੱਖ ਕੇ ਜਿਹੜਾ ਸਮ-ਬਿਰਤੀ ਵਿਚ ਵਿਚਰਦਾ ਹੈ, ਐਸਾ ਜੋਗੀ ਹਰ ਕਿਸੇ ਨੂੰ ਨਮਸਕਾਰ ਨਹੀਂ ਕਰਦਾ, ਉਹ ਬੇਪ੍ਰਵਾਹ ਹੋ ਕੇ ਆਦਿ ਅਨੀਲ ਅਬਿਨਾਸੀ ਜੁਗਾਂ-ਜੁਗੰਤਰਾਂ ਤੋਂ ਇਕ ਰਸ ਪ੍ਰਭੂ ਨੂੰ ਹਮੇਸ਼ਾਂ ਨਮਸਕਾਰ ਕਰਦਾ ਹੈ। ਉਸ ਦੀ ਪ੍ਰਭੂ ਦਰ ਰੀਸਾਈ ਹੋ ਜਾਂਦੀ ਹੈ।

ਗੁਰੂ ਨਾਨਕ ਪਾਤਿਸ਼ਾਹ ਮਲਕ ਭਾਗੋ, ਦੁਨੀਚੰਦ, ਹਮੀਦ ਕਾਰੂ ਵਰਗਿਆਂ ਪਾਸ ਵੀ ਗਏ। ਉਨ੍ਹਾਂ ਨੂੰ ਵੀ ਮਾਰਗ ਦਰਸ਼ਨ ਕੀਤਾ ਕਿ ਜ਼ਿੰਦਗੀ ਦਾ ਮਨੋਰਥ ਨਿਰਾ ਮਾਇਆ ਇਕੱਤਰ ਕਰਨਾ ਹੀ ਨਹੀਂ ਹੈ, ਜ਼ਿੰਦਗੀ ਦਾ ਮਨੋਰਥ ਆਪਣੇ ਮੂਲ



ਨਾਲ ਜੋੜਨਾ ਹੈ। ਸੰਸਾਰ ਦੇ ਵਰਤੋਂ ਵਲੇਵੇਂ ਵਾਸਤੇ ਮਾਇਆ ਚਾਹੀਦੀ ਹੈ ਪਰ ਲੋੜ ਤੋਂ ਵੱਧ ਦੁੱਖਾਂ ਦਾ ਕਾਰਣ ਬਣਦੀ ਹੈ। ਮਨੁੱਖ ਪਾਪ ਕਰਮਾਂ ਦੁਆਰਾ ਮਾਇਆ ਇਕੱਤਰ ਕਰਦਾ ਹੈ।

ਪਰ ਅੰਤ ਸਮੇਂ ਮਾਇਆ ਇੱਥੇ ਹੀ ਰਹਿ ਜਾਂਦੀ ਹੈ ਅਤੇ ਮਨੁੱਖ ਦੇ ਪੱਲੇ ਪਛਤਾਵਾ ਹੀ ਪੈਂਦਾ ਹੈ। ਮਾਇਆ ਉਸ ਦੇ ਜੀਵਨ ਪੰਧ ਵਿਚ ਰੁਕਾਵਟ ਨਹੀਂ ਬਣਦੀ ਜਿਹੜਾ ਮਾਇਆ ਦੀ ਹਿਰਸ ਦਾ ਤਿਆਗ ਕਰ ਦਿੰਦਾ ਹੈ।ਜਿੱਥੇ ਸਤਿਗੁਰ ਜੀ ਮਾਇਆ ਧਾਰੀਆਂ ਪਾਸ ਉਨ੍ਹਾਂ ਨੂੰ ਮਾਇਆ ਦੇ ਚੁੰਗਲ ਵਿਚੋਂ ਕਢੱਣ ਵਾਸਤੇ ਗਏ, ਉੱਥੇ ਗੁਰਦੇਵ ਮਾਇਆ ਤੋਂ ਅਤੀਤ ਸਿੱਧਾਂ ਜੋਗੀਆਂ ਉਦਾਸੀਆਂ, ਬ੍ਰਾਹਮਣਾਂ ਅਤੇ ਮੁਸਲਮਾਨ ਸਾਧਕਾਂ ਪਾਸ ਵੀ ਗਏ। ਸੱਜਣ ਠੱਗ, ਭੂਮੀਏ ਚੋਰ, ਕੌਡੇ ਰਾਕਸ਼ ਵਰਗਿਆਂ ਪਾਸ ਜਾ ਕੇ ਉਨ੍ਹਾਂ ਨੂੰ ਵੀ ਕੂੜ-ਕੁਸੱਤ, ਠੱਗੀ-ਠੋਰੀ, ਵਲ-ਛੱਲ ਦਾ ਤਿਆਗ ਕਰਕੇ ਸੱਚੀ ਸਿਖਿਆ ਪ੍ਰਦਾਨ ਕਰ ਸ੍ਰੇਸ਼ਟ ਜੀਵਨ ਦੇ ਧਾਰਨੀ ਬਣਾਇਆ।

ਸਰਬ ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਪਾਤਿਸ਼ਾਹ ਜੀ, ਸਭ ਤੋਂ ਪਹਿਲਾਂ ਗਰੀਬ ਕਿਰਤੀ ਭਾਈ ਲਾਲੋ ਦੇ ਘਰ ਗਏ। ਉੱਥੇ ਸਮੂਹ ਕਿਰਤੀਆਂ ਨੂੰ ਵੀ ਉਪੇਦਸ਼ ਕੀਤਾ ਕਿ ਸਾਰੀ ਉਮਰ ਪੇਟ ਪੂਰਤੀ ਦੀ ਖਾਤਰ ਕਿੱਲੇ ਵੀ ਨਹੀਂ ਘੜੀ ਜਾਣੇ, ਪ੍ਰਭੂ ਦਰ ਵਿਚ ਪ੍ਰਵਾਨਗੀ ਲਈ ਮਨ ਨੂੰ ਵੀ ਘੜਨ ਦੀ ਅਤਿਅੰਤ ਲੋੜ ਹੈ। ਕਿਰਤ ਦੇ ਸਮੇਂ ਵਿਚੋਂ ਸਮਾਂ ਕੱਢ ਕੇ ਅਤੇ ਕਿਰਤ ਕਰਦੇ-ਕਰਦੇ ਨਾਮ ਜੱਪਣ ਨਾਲ ਮਨ ਨੂੰ ਸ਼ਬਦ ਦੀ ਟਕਸਾਲ ਵਿਚ ਘੜਨਾ ਹੈ ਅਤੇ ***"ਘੜੀਐ ਸਬਦੁ ਸਚੀ ਟਕਸਾਲ"*** ਦੇ ਧਾਰਨੀ ਬਣਨਾ ਹੈ।

ਸੱਚ ਦਾ ਹੋਕਾ ਘਰ-ਘਰ, ਥਾਵਾਂ-ਥਾਵਾਂ, ਦੇਸ਼ਾਂ-ਵਿਦੇਸ਼ਾਂ ਵਿਚ ਪਹੁੰਚਾਇਆ। ਆਪ ਨੇ ਆਚਾਰ, ਬਿਉਹਾਰ, ਕਿਰਦਾਰ, ਸਦਾਚਾਰ ਨੂੰ ਸੱਚ ਦੇ ਸੰਚੇ ਵਿਚ ਢਾਲਣ ਲਈ ***"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।"*** ਦਾ ਸਿਧਾਂਤ ਲੋਕਾਈ ਨੂੰ ਬਖਸ਼ਿਆ। ਆਪ ਜੀ ਦੇ ਪ੍ਰਚਾਰੇ ਹੋਏ ਸੱਚ ਨੂੰ ਆਪ ਜੀ ਨੇ ਜੀਵਨ ਕਾਲ ਵਿਚ ਹੀ ਕਈ ਕ੍ਰੋੜਾਂ ਲੋਕਾਂ ਨੇ ਧਾਰਨ ਕਰ ਲਿਆ।

ਜਿਸ ਸਦਕਾ ਜਿੱਥੇ ਪੰਜਾਬ ਅਤੇ ਭਾਰਤਵਾਸੀ ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਸਤਿਗੁਰੂ ਸੱਚੇ ਪਾਤਿਸ਼ਾਹ ਦੇ ਲਕਬ ਨਾਲ ਸਤਿਕਾਰਦੇ ਹਨ, ਉੱਥੇ ਅਰਬ ਦੇਸ਼ਾਂ ਵਿਚ ਪੀਰ ਬਾਬਾ ਨਾਨਕ ਸ਼ਾਹ ਦੇ ਨਾਮ ਨਾਲ ਆਪ ਨੂੰ ਯਾਦ ਕੀਤਾ ਜਾਂਦਾ ਹੈ। ਤਿੱਬਤੀ ਲੋਕ, ਨਾਨਕ ਲਾਮਾ ਜਾਂ ਭਦਰਾ ਗੁਰੂ ਕਹਿੰਦੇ ਹਨ। ਲੰਕਾ ਦੇ ਵਸਨੀਕ ਆਪ ਜੀ ਦੀ ਸਖਸ਼ੀਅਤ ਨੂੰ ਨਾਨਕ ਬੁੱਧਾ ਜਾ ਨਾਨਾ ਬੁਧਾ ਕਹਿ ਕੇ ਆਪਣੀ ਸ਼ਰਧਾ ਭੇਟ ਕਰਦੇ ਹਨ। ਰੂਸ ਆਦਿ ਦੇਸ਼ਾਂ ਵਿਚ ਆਪ ਨੂੰ ਵਲੀ ਹਿੰਦ ਬਾਬਾ ਨਾਨਕ ਸ਼ਾਹ ਕਹਿ ਕੇ ਸਨਮਾਨਿਆ ਜਾਂਦਾ ਹੈ। ਵੀਅਤਨਾਮ, ਮੰਗੋਲੀਆ, ਚੀਨ ਆਦਿ ਦੇਸ਼ਾਂ ਵਿਚ ਆਪ ਜੀ ਨੂੰ ਨਾਨਕ ਭੂਸਾ ਕਹਿ ਕੇ ਵਡਿਆਈ ਦਿੱਤੀ ਜਾਂਦੀ ਹੈ। ਭੂਟਾਨ, ਨੇਪਾਲ, ਸਿਕਮ ਵਿਚ ਲੋਕ ਆਪ ਨੂੰ ਅਥਾਹ ਸ਼ਰਧਾ ਪਿਆਰ ਨਾਲ ***"ਹਿਮਪੋਜੇ"*** ਹਿਮਪੋਜੀ ਲਕਬ ਨਾਲ ਯਾਦ ਕਰਕੇ ਆਪਣੀ ਦਿਲੀ ਅਕੀਦਤ ਭੇਟ ਕਰਦੇ ਹਨ। ਉਸੇ ਸਮੇਂ ਤੋਂ ਆਪ ਜੀ ਦੇ ਸਤਿਕਾਰ ਵਿਚ ਸਥਾਨਕ ਲੋਕਾਂ ਨੇ ਝੀਲਾਂ, ਤਲਾਵਾਂ, ਕੁੰਡਾਂ, ਸਰੋਵਰਾਂ, ਚਸ਼ਮਿਆਂ, ਥਾਵਾਂ ਤੇ ਸ਼ਹਿਰਾਂ ਤਦੇ ਨਾਉਂ ਵੀ ਆਪ ਜੀ ਦੇ ਨਾਉਂ ਤੇ ਰੱਖ ਕੇ ਸਦੀਵੀਂ ਯਾਦਾਂ ਕਾਇਮ ਕੀਤੀਆਂ ਹੋਈਆਂ ਹਨ। ਆਪ ਜੀ ਸਰਬ ਸਾਂਝੇ ਸਮੁਚੀ ਮਨੁੱਖਤਾ ਦੇ ਰਹਿਬਰ ਸਨ। ਆਪ ਸਭ ਨਾਲ ਪਿਆਰ ਕਰਦੇ ਅਤੇਸਰਬ ਦਾ ਭਲਾ ਲੋਚਦੇ ਸਨ। ਜਿਸ ਸਦਕਾ ਸੁਮੱਚੀ ਮਾਨਵਤਾ ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਆਪਣਾ ਰਹਿਬਰ, ਆਪਣਾ ਗੁਰੂ, ਆਪਣਾ ਪੀਰ, ਆਪਣਾ ਮੁਰਸ਼ਦ ਤਸਲੀਮ ਕਰਦੀ ਸੀ। ਇਸ ਦੀ ਉਦਾਹਰਣ ਉਸ ਸਮੇਂ ਦੀ ਹੈ ਜਦੋਂ ਆਪ ਜੀ ਨੇ ਆਪਣੀ ਆਤਮਿਕ ਜੋਤਿ ਬਾਬਾ ਲਹਿਣਾ ਜੀ ਵਿਚ ਧਰ ਕੇ ਫੁਰਮਾਇਆ ***"ਬਾਬਾ ਮੜੀ ਨ ਗੋਰ ਗੁਰ ਅੰਗਦ ਦੇ ਹੀਏ ਮੇ"*** ਆਪਣਾ ਸਰੀਰ ਅਲੋਪ ਕਰ

ਸ੍ਰੀ ਗੁਰੂ ਨਾਨਕ ਦੇਵ ਜੀ - ਜੀਵਨ ਅਤੇ ਚਿੰਤਨ

- ਡਾ. ਹਰਜਿੰਦਰ ਸਿੰਘ ਦਿਲਗੀਰ



ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਸਨ। ਉਹ ਰੂਹਾਨੀ ਦੁਨੀਆਂ ਦੇ ਨਵੇਂ ਯੁੱਗ ਦੇ ਮੋਢੀ ਸਨ। ਉਹ ਰੂਹਾਨੀ ਜਹਾਨ ਦੇ ਲਾਸਾਨੀ ਫਿਲਾਸਫਰ ਵੀ ਸਨ।

ਗੁਰੂ ਨਾਨਕ ਸਾਹਿਬ ਅਜੀਮ ਸ਼ਖ਼ਸੀਅਤ ਸਨ। ਉਹ ਇਕ 'ਰੂਹਾਨੀ ਚੁੰਬਕ' ਲੋਹੇ ਦੇ ਹਰ ਇਕ ਕਣ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ, ਉਵੇਂ ਹੀ ਗੁਰੂ ਨਾਨਕ ਸਾਹਿਬ ਹਰ ਇਨਸਾਨ ਨੂੰ ਆਪਣੇ ਸਿਖਿਆ ਨਾਲ ਸਿੱਖ ਬਣਾ ਲੈਂਦੇ ਸਨ। ਗੁਰੂ ਸਾਹਿਬ ਨੇ ਵੱਡੇ ਵੱਡੇ ਆਲਮ ਤੇ ਫਾਜਲ (ਵਿਦਵਾਨ) ਲੋਕ, ਰਾਜੇ-ਮਹਾਰਾਜੇ, ਜਗੀਰਦਾਰ, ਚੌਧਰੀ, ਅਮੀਰ ਤੇ ਸ਼ਾਹ, ਮਿਹਨਤਕਸ਼ ਤੇ ਫਕੀਰ ਆਪ ਨੇ ਮੁਰੀਦ ਬਣਾਏ। ਭਾਵੇਂ ਗੁਰੂ ਸਾਹਿਬ ਨੇ ਕਿਸੇ ਨੂੰ ਸਿੱਖ ਬਣਨ ਵਾਸਤੇ ਨਹੀਂ ਕਿਹਾ ਪਰ ਜੋ ਵੀ ਸ਼ਖ਼ਸ ਉਨ੍ਹਾਂ ਨੂੰ ਮਿਲਿਆ ਉਹ ਸਦਾ ਵਾਸਤੇ ਉਨ੍ਹਾਂ ਦਾ ਨਾਮ ਲੇਵਾ ਹੋ ਗਿਆ।

ਗੁਰੂ ਸਾਹਿਬ ਮਹਾਨ ਪ੍ਰਚਾਰਕ ਸਨ। ਉਨ੍ਹਾਂ ਨੇ 40-50 ਹਜ਼ਾਰ ਕਿਲੋਮੀਟਰ ਪੈਦਲ ਚੱਲ ਕੇ ਕਈ ਮੁਲਕਾਂ ਦਾ ਦੌਰਾ ਕੀਤਾ ਅਤੇ ਸੈਂਕੜੇ ਨਗਰਾਂ ਦੇ ਲੋਕਾਂ ਨੂੰ ਰੂਹਾਨੀਅਤ ਦਾ ਪਾਠ ਪੜਾਇਆ। ਉਨ੍ਹਾਂ ਨੇ ਲੋਕਾਂ ਦੀ ਸਾਮਾਜਿਕ ਅਤੇ ਧਾਰਮਿਕ ਜ਼ਿੰਦਗੀ ਵੀ ਬਦਲ ਦਿਤੀ। ਉਹ ਪੰਜਾਬ ਦੇ ਪਹਿਲੇ ਤਾਰੀਖਦਾਨ (ਇਤਿਹਾਸਕਾਰ) ਵੀ ਸਨ। ਉਨ੍ਹਾਂ ਦੀਆਂ ਰਚਨਾਵਾਂ 'ਬਾਬਰ ਵਾਣੀ', 'ਆਸਾ ਦੀ ਵਾਰ', 'ਸਿੱਧ ਗੋਸ਼ਟ' ਵਗੈਰਾ ਉਸ ਜ਼ਮਾਨੇ ਦੀ ਕੀਮਤੀ ਤਵਾਰੀਖ ਹਨ। ਤਵਾਰੀਖ ਦੀ ਅਜਿਹੀ ਕਮਾਲ ਦੀ ਜਾਣਕਾਰੀ ਤੇ ਬਿਆਨ ਉਨ੍ਹਾਂ ਤੋਂ ਬਾਅਦ ਦੇ ਲੇਖਕਾਂ ਵਿਚ ਨਹੀ ਮਿਲਦੀ।

ਗੁਰੂ ਸਾਹਿਬ ਨੇ ਇਨਸਾਨ ਨੂੰ ਅਣਖ ਨਾਲ ਜੀਣ ਦਾ ਪੈਗਾਮ ਦਿਤਾ। ਬੇਗੈਰਤ ਇਨਸਾਨ ਦੀ ਜ਼ਿੰਦਗੀ ਨੂੰ ਉਨ੍ਹਾਂ ਨੇ ਹਰਾਮ ਆਖਿਆ।

ਗੁਰੂ ਸਾਹਿਬ ਨੇ 'ਸਚਿਆਰ' ਦੀ ਜ਼ਿੰਦਗੀ ਜਿਉਣ (ਕਿਰਤ ਕਰਣਾ, ਵੰਡ ਛੱਕਣਾ, ਨਾਮ ਜਪਣਾ) ਦਾ ਸਬਕ ਦਿਤਾ। ਹਰ ਇਨਸਾਨ ਨੂੰ ਕਿਰਤ ਕਮਾਈ ਦੀ, ਹੱਕ ਹਲਾਲ ਦੀ ਤੇ ਇਮਾਨਦਾਰੀ ਦੀ ਕਮਾਈ ਕਰਨੀ ਚਾਹੀਦੀ ਹੈ। ਹਰ ਇਨਸਾਨ ਦਾ ਫਰਜ ਹੈ ਕਿ ਉਹ ਆਪਣੀ ਕਮਾਈ ਵਿਚੋਂ ਦਸਵੰਦ ਕੱਢ ਕੇ ਲੋਕਾਈ ਦੀ ਭਲੇ ਵਾਸਤੇ ਖਰਚ ਕਰੇ ਅਤੇ ਲੋੜਵੰਦਾਂ ਤੇ ਮਜ਼ਬੂਰ ਤੇ ਲਾਚਾਰ ਲੋਕਾਂ ਦੀ ਮਦਦ ਕਰੇ। ਉਨ੍ਹਾਂ ਨੇ ਹਰ ਸਿੱਖ ਨੂੰ ਸਮਾਜ ਦਾ ਫਾਇਦੇ ਵਾਲਾ ਹਿੱਸਾ ਬਣਾਇਆ। ਉਨ੍ਹਾਂ ਆਖਿਆ ਕਿ ਹਰ ਇਨਸਾਨ ਦਾ ਫਰਜ਼ ਹੈ ਕਿ ਉਹ ਲੋਕਾਈ ਦੇ ਭਲੇ ਵਿਚ ਆਪਣਾ ਵੱਧ ਤੋਂ ਵੱਧ ਹਿੱਸਾ ਪਾਵੇ। ਹਰ ਇਨਸਾਨ ਨੂੰ ਕਿਰਤ ਕਰਨ ਤੇ ਵੰਡ ਛੱਕਣ ਦੇ ਨਾਲ-ਨਾਲ ਰੱਬ ਦਾ ਨਾਮ ਵੀ ਜਪਣਾ (ਉਸਨੂੰ ਹਰ ਵੇਲੇ ਯਾਦ ਰੱਖਣਾ) ਚਾਹੀਦਾ ਹੈ। ਰੱਬ ਦਾ ਨਾਮ ਜੱਪਣ ਦਾ ਮਤਲਬ ਹਰ ਵੇਲੇ ਰੱਬ-ਰੱਬ (ਜਾਂ ਵਾਹਿਗੁਰੂ-ਵਾਹਿਗੁਰੂ) ਕਹੀ ਜਾਣਾ ਨਹੀਂ ਹੈ ਬਲਕਿ ਰੱਬ ਨੂੰ ਹਰ ਥਾਂ ਹਾਜ਼ਰ ਨਾਜ਼ਰ ਜਾਣ ਕੇ, ਉਸਦੇ ਪਵਿੱਤਰ ਤੇ ਨਿਰਮਲ ਭਉ ਵਿਚ ਰਹਿ ਕੇ ਜ਼ਿੰਦਗੀ ਜਿਉਣੀ ਚਾਹੀਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਰੱਬ ਨਿਰੰਕਾਰ ਹੈ। ਉਸ ਦਾ ਕੋਈ ਰੰਗ, ਸ਼ਕਲ ਨਹੀਂ ਹੈ। ਇਸ ਕਰਕੇ ਉਸਦੀ ਕੋਈ ਮੂਰਤੀ ਜਾਂ ਬੁੱਤ ਵੀ ਨਹੀਂ ਹੋ ਸਕਦਾ। ਉਹ ਕਦੇ ਵੀ ਇਨਸਾਨੀ ਰੂਪ ਵਿਚ ਨਹੀਂ ਆਉਂਦਾ। ਅਕਾਲ ਪੁਰਖ ਸਾਰੀ ਦੁਨੀਆਂ ਵਿਚ ਰਮਿਆ ਹੋਇਆ ਹੈ। ਅਸੀਂ ਰੱਬ ਨੂੰ ਉਸਦੀ ਕੁਦਰਤ ਵਿਚੋਂ ਵੇਖ ਸਕਦੇ ਹਾਂ। ਉਸਦੀ ਪੈਦਾ ਕੀਤੀ ਦੁਨੀਆਂ ਤੇ ਅਸੀਂ ਵਿਸਮਾਦ ਜਾਹਿਰ ਕਰ ਸਕਦੇ ਹਾਂ। ਉਸਦੀ ਕੁਦਰਤ ਵਿਚੋਂ ਅਸੀਂ ਉਸਦੀ ਮਹਾਨਤਾ, ਤਾਕਤ ਤੇ ਹੱਸਤੀ ਦਾ ਅਹਿਸਾਸ ਕਰ ਸਕਦੇ ਹਾਂ। ਸਾਰੀ ਦੁਨੀਆਂ, ਸਾਰੀ ਕਾਇਨਾਤ ਉਸਦੇ ਹੁਕਮ ਅਨੁਸਾਰ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਅਕਾਲ ਪੁਰਖ ਦੀ ਨਿਗਾਹ ਵਿਚ ਕੋਈ ਛੋਟਾ ਜਾਂ ਵੱਡਾ ਨਹੀਂ ਹੈ। ਉਸ ਵਾਸਤੇ ਕੋਈ ਚੁਣੇ ਹੋਏ ਜਾਂ ਰੱਦ ਕੀਤੇ ਹੋਏ ਲੋਕ ਨਹੀਂ ਸਨ। ਰੱਬ ਸਾਰੀਆਂ ਤੇ ਇੱਕੋ ਜਿਹੀ ਨਜ਼ਰ ਰੱਖਦਾ ਹੈ।

ਉਸਦੀ ਕਿਰਪਾ, ਮਿਹਰ, ਬਖਸ਼ਿਸ਼, ਉਸਦਾ ਪ੍ਰਸ਼ਾਦ ਹਰ ਇੱਕ ਵਾਸਤੇ ਇਕੋ ਜਿਹਾ ਹੈ। ਇਵੇਂ ਹੀ ਉਸਦਾ ਇਨਸਾਫ ਹਰ ਇੱਕ ਵਾਸਤੇ ਇਕੋ ਜਿਹਾ ਹੈ। ਪਰ ਜਿੰਨਾ ਕੋਲ ਦਇਆ, ਪਿਆਰ, ਨੇਕੀ, ਇਨਸਾਨੀਅਤ ਨਹੀਂ ਹੁੰਦੀ ਤੇ ਜੋ ਖੁਦ ਨਫ਼ਰਤ ਵੰਡਦੇ ਹਨ ਉਹ ਰੱਬ ਦੀ ਬਖਸ਼ਿਸ਼ ਤੋਂ ਵਾਂਝੇ ਰਹਿ ਜਾਂਦੇ ਹਨ। ਉਂਝ ਅਜਿਹੇ ਸਖਸ਼ ਦੀ ਮੁੜ ਰੱਬ ਦੇ ਰਸਤੇ ਚੱਲ ਕੇ ਉਸਦੀ ਬਖਸ਼ਿਸ਼ ਹਾਸਲ ਕਰ ਸਕਦੇ ਹਨ। ਇਨਸਾਨ ਨੂੰ ਰੱਬ ਦੇ ਭਾਣੇ ਵਿਚ ਰਹਿਣਾ ਚਾਹੀਦਾ ਹੈ। ਰੱਬ ਨਾਲ ਸ਼ਿਕਵਾ-ਸ਼ਿਕਾਇਤ ਕਰਨਾ ਉਸਦਾ ਭਾਣਾ ਨਾ ਮੰਨਣਾ ਹੈ।

ਗੁਰੂ ਨਾਨਕ ਦੇਵ ਜੀ ਔਰਤ ਨੂੰ ਮਰਦ ਤੋਂ ਨੀਵਾਂ ਦਰਜਾ ਦੇਣ ਨੂੰ ਵੀ ਗੈਰ ਰੂਹਾਨੀ ਸੋਚ ਆਖਦੇ ਹਨ। ਜਿਹੜੀ ਔਰਤ ਰਾਜਿਆਂ ਤੇ ਮਹਾਨ ਰੂਹਾਨੀ ਹੱਸਤੀਆਂ ਨੂੰ ਜਨਮ ਦਿੰਦੀ ਹੈ, ਉਹ ਮਾੜੀ ਕਿੰਝ ਹੋ ਸਕਦੀ ਹੈ ?

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਗੁਰੂ ਨਾਨਕ ਦੇਵ ਜੀ ਨੇ ਰੂਹਾਨੀਅਤ ਅਤੇ ਸੇਵਾਂ ਨੂੰ ਇੱਕ ਦੂਜੇ ਦਾ ਪੂਰਕ ਬਣਾਇਆ। ਉਨ੍ਹਾਂ ਕਿਹਾ ਕਿ ਸਮਾਜ ਸੇਵਾ ਤੋਂ ਬਿਨਾਂ ਧਰਮ ਅਧੂਰਾ ਹੈ ਅਤੇ ਲੋਕਾਈ ਦੇ ਭਲੇ ਤੋਂ ਬਿਨਾਂ ਰੂਹਾਨੀਅਤ ਫੋਕੀ ਹੈ। ਉਨ੍ਹਾਂ ਧਰਮ ਨੂੰ ਭਾਈਚਾਰਕ ਰੂਹਾਨੀਅਤ ਦਾ ਆਧਾਰ ਬਣਾਇਆ।

ਗੁਰੂ ਨਾਨਕ ਦੇਵ ਜੀ ਗ੍ਰਹਿਸਤ ਧਰਮ ਨੂੰ ਇਨਸਾਨ ਵਾਸਤੇ ਸਭ ਤੋਂ ਚੰਗਾ ਰਸਤਾ ਕਹਿੰਦੇ ਹਨ। ਇਸ ਦੁਨੀਆਂ ਵਿਚ ਰਹਿਣ ਵਾਲੇ ਇਨਸਾਨ ਦੀਆਂ ਕੁਝ ਬੁਨਿਆਦੀ ਜਿਸਮਾਨੀ ਲੋੜਾਂ ਵੀ ਹਨ। ਗੁਰੂ ਨਾਨਕ ਦੇਵ ਜੀ ਇਨਸਾਨ ਦੀ ਜ਼ਿੰਦਗੀ ਦੇ ਇਸ ਪਹਿਲੂ ਨੂੰ ਰੱਦ ਨਹੀਂ ਕਰਦੇ। ਉਹ ਕਹਿੰਦੇ ਹਨ ਕਿ ਇਨਸਾਨ ਨੂੰ ਮੋਹ ਮਾਇਆ ਛੱਡਣੀ ਚਾਹੀਦੀ ਹੈ, ਦੁਨੀਆਂ ਨਹੀਂ। ਇਨਸਾਨ ਨੂੰ ਇਸ ਦੁਨੀਆਂ ਦੀ ਪੱਕੜ ਤੋਂ ਆਜ਼ਾਦ ਰਹਿਣਾ ਚਾਹੀਦਾ ਹੈ। ਨਾ ਕੀ ਦੁਨੀਆਦਾਰੀ ਹੀ ਛੱਡ ਦੇਣੀ ਚਾਹੀਦੀ ਹੈ। ਦੁਨੀਆਂ ਤਿਆਗਣਾ ਤਾਂ ਮੈਦਾਨ ਵਿਚੋਂ ਦੌੜਨ ਵਾਲੀ ਗੱਲ ਹੈ। ਦੂਜਾ, ਦੁਨੀਆਂ ਤਿਆਗ ਕੇ ਫੇਰ ਗ੍ਰਹਿਸਥੀਆਂ ਤੋਂ ਹੀ ਬੁਨਿਆਦੀ ਜ਼ਰੂਰਤਾਂ ਵਾਸਤੇ ਮਦਦ ਮੰਗਣੀ ਪੈਂਦੀ ਹੈ, ਸੋ ਇਹ ਤਾਂ ਇੱਕ ਕਿਸਮ ਦਾ ਦੰਭ ਹੀ ਹੈ।

ਗੁਰੂ ਨਾਨਕ ਦੇਵ ਜੀ ਦਾ ਸਬਕ ਸੀ ਕਿ ਇਨਸਾਨ ਨੇ ਮੁਕਤੀ ਇਸੇ ਜ਼ਿੰਦਗੀ ਵਿਚ ਹਾਸਲ ਕਰਨੀ ਹੈ। ਸਿੱਖ ਫਲਸਫੇ ਮੁਤਾਬਕ ਆਪਣੇ ਆਪ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਹਉਮੈ ਤੋਂ ਬਚਾਅ ਲੈਣਾ ਹੀ ਮੁਕਤੀ ਹੈ। ਮੁਕਤੀ ਕੋਈ ਕਰਨ ਪਿੱਛੋਂ ਹਾਸਲ ਕਰਨ ਵਾਲੀ ਸ਼ੈਅ ਨਹੀਂ ਹੈ। ਮਰਨ ਮਗਰੋਂ ਹਾਸਲ ਹੋਣ ਵਾਲੀ ਤਾਂ ਅਖੌਤੀ ਮੁਕਤੀ ਹੈ। (ਉਸ ਹਿਸਾਬ ਨਾਲ ਤਾਂ ਮੌਤ ਹੀ ਮੁਕਤੀ ਹੈ) ਅਸਲ ਮੁਕਤੀ ਤਾਂ ਜੀਵਨ ਮੁਕਤੀ ਹੈ ਜੋ ਇਨਸਾਨ ਹੀ ਜੀਊਂਦਿਆਂ ਹੀ ਹਾਸਲ ਕਰ ਸਕਦਾ ਹੈ।

ਉਨ੍ਹਾਂ ਨੇ ਇਨਸਾਨ ਨੂੰ ਸਾਦੀ ਜ਼ਿੰਦਗੀ ਜੀਊਣ ਦਾ ਸਬਕ ਦਿੱਤਾ। ਉਨ੍ਹਾਂ ਕਿਹਾ ਕਿ ਬੰਦਾ ਆਪਣੀਆਂ ਖਾਹਿਸ਼ਾਂ ਵਧਾਉਂਦਾ ਵਧਾਉਂਦਾ ਇਸ ਮਾਇਆ ਜਾਲ ਵਿਚ ਫਸ ਜਾਂਦਾ ਹੈ ਤੇ ਫਿਰ ਵਧੀਆਂ ਖਾਹਿਸ਼ਾਂ ਦੀ ਪੂਰਤੀ ਵਾਸਤੇ ਪਾਪ ਕਰ ਕਰਦਾ ਹੈ। ਉਨ੍ਹਾਂ ਨੇ ਕਰਮ ਕਾਂਡ ਤੇ ਧਾਰਮਿਕ ਦਿਖਾਵੇ ਨੂੰ ਪਾਖੰਡ ਦੱਸਿਆ ਅਤੇ ਕਿਹਾ ਕਿ ਚੰਗਾ ਇਨਸਾਨ ਬਣਨਾ ਹੀ ਅਸਲ ਧਰਮ ਹੈ। ਧਰਮ ਵਿਚ ਸੱਚ, ਪਿਆਰ, ਇਨਸਾਨੀਅਤ, ਇਨਸਾਫ, ਸਾਦਾ ਜੀਵਨ, ਲੋਕ ਸੇਵਾ, ਵਿਕਾਰਾਂ ਤੋਂ ਬੱਚਣਾ, ਮਨ ਦੀਆਂ ਖਾਹਿਸ਼ਾਂ ਤੇ ਕਾਬੂ ਪਾਉਣਾ (ਮਨ ਨੂੰ ਜਿੱਤਣਾ) ਹੀ ਅਸਲ ਕਰਮ ਤੇ ਭਗਤੀ ਹਨ।

ਗੁਰੂ ਨਾਨਕ ਦੇਵ ਜੀ ਪਹਿਲੇ ਧਾਰਮਿਕ ਮੁੱਖੀ ਸਨ ਜਿੰਨਾਂ ਨੇ ਧਰਤੀ ਦੀ ਰਚਨਾ ਤੇ ਇਸ ਬ੍ਰਹਿਮੰਡ ਦੀ ਬੇਅੰਤਤਾ ਬਾਰੇ ਅਜੋਕੀ ਸਾਇੰਸ ਤੋਂ ਵੀ ਅਗਲੇਰੀਆਂ ਗੱਲਾਂ ਪੇਸ਼ ਕੀਤੀਆਂ ਸਨ। ਅੱਜ ਜੋ ਕੁਝ ਸਾਇੰਸ ਮੰਨ ਰਹੀ ਹੈ ਉਸਦਾ ਬਹੁਤ ਹਿੱਸਾ ਗੁਰੂ ਨਾਨਕ ਦੇਵ ਜੀ ਦੀ 'ਬਾਣੀ ਵਿਚ ਪਹਿਲੋਂ ਹੀ ਮੌਜੂਦ ਹੈ।

ਵਿਸ਼ਵ ਸ਼ਾਂਤੀ ਤੇ ਧਾਰਮਿਕ ਚੇਤਨਾ ਦੇ ਮੋਢੀ ਗੁਰੂ ਨਾਨਕ ਦੇਵ ਜੀ

ਜਸਮੀਨ ਕੌਰ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ 1469 ਈ: ਨੂੰ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ-ਪਾਕਿਸਤਾਨ) ਵਿਖੇ ਪਿਤਾ ਮਹਿਤਾ ਕਲਿਆਨ ਦਾਸ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ ਹੋਇਆ ਸੀ। ਉਨ੍ਹਾਂ ਦੇ ਆਗਮਨ ਸਮੇਂ ਹਿੰਦੁਸਤਾਨ ਵਿਚ ਅਧਰਮ ਅਤੇ ਕੂੜ ਦਾ ਬੋਲਬਾਲਾ ਸੀ। ਲੋਕ ਫੋਕੇ ਕਰਮਕਾਂਡਾਂ, ਜਾਦੂ-ਟੂਣਿਆਂ ਅਤੇ ਜੰਤਰਾਂ-ਮੰਤਰਾਂ ਦੇ ਜਾਲ ਵਿਚ ਬੁਰੀ ਤਰ੍ਹਾਂ ਫਸ ਚੁੱਕੇ ਸਨ ਅਤੇ ਉਨ੍ਹਾਂ ਦਾ ਪ੍ਰਮਾਤਮਾ ਵਿਚੋਂ ਵਿਸ਼ਵਾਸ ਟੁੱਟ ਰਿਹਾ ਸੀ। ਹਿੰਦੂ ਧਰਮ, ਜਿਸ ਨੂੰ ਉਸ ਦੇ ਹੀ ਬਣਾਏ ਵਰਣ-ਵੰਡ ਨੇ ਕਮਜ਼ੋਰ ਕਰ ਦਿੱਤਾ ਸੀ, ਢਹਿੰਦੀਆਂ ਕਲਾਂ ਵੱਲ ਜਾ ਰਿਹਾ ਸੀ। ਬ੍ਰਾਹਮਣ ਸ਼੍ਰੇਣੀ ਪ੍ਰਮਾਤਮਾ ਦੇ ਗਿਆਨ ਦੀ ਗੱਲ ਛੱਡ ਕੇ ਮਾਇਆ ਦੇ ਲਾਲਚ ਵਿਚ ਲੋਕਾਂ ਨੂੰ ਕਰਮਕਾਂਡਾਂ ਦੇ ਭਰਮ-ਜਾਲ ਵਿਚ ਉਲਝਾ ਰਹੀ ਸੀ। ਖੱਤਰੀ ਆਪਣਾ ਜੁਝਾਰੂਪਣ ਭੁੱਲ ਚੁੱਕੇ ਸਨ। ਸਮਾਜ ਦੇ ਇਸ ਨਿਘਾਰ ਤੋਂ ਮੁਸਲਿਮ ਸਮਾਜ ਵੀ ਨਹੀਂ ਸੀ ਬਚਿਆ। ਮੁਗਲ ਹਕੂਮਤ ਦੇ ਕਰਿੰਦੇ, ਮੁੱਲਾਂ ਤੇ ਕਾਜ਼ੀ, ਸਭ ਜੋਕਾਂ ਵਾਂਗ ਲੋਕਾਂ ਦਾ ਖੂਨ ਚੂਸ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ ਉਸ ਸਮੇਂ ਦੀ ਦਸ਼ਾ ਇਸ ਪ੍ਰਕਾਰ ਸੀ :

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥
ਆਧੇਰੈ ਰਾਹੁ ਨ ਕੋਈ ॥

ਗੁਰੂ ਸਾਹਿਬ ਨੇ ਆਪਣੇ ਬਚਪਨ ਦੇ ਸਾਥੀ ਭਾਈ ਬਾਲਾ ਅਤੇ ਰਬਾਬੀ ਭਾਈ ਮਰਦਾਨਾ ਨੂੰ ਸਾਥੀ ਬਣਾ ਪੰਜ ਮਹਾਨ ਯਾਤਰਾਵਾਂ ਕੀਤੀਆਂ। ਇਨ੍ਹਾਂ ਯਾਤਰਾਵਾਂ, ਜਿਨ੍ਹਾਂ ਨੂੰ ਉਦਾਸੀਆਂ ਵੀ ਕਿਹਾ ਜਾਂਦਾ ਹੈ, ਦੌਰਾਨ ਆਪ ਸੰਸਾਰ ਦੇ ਵੱਖ-ਵੱਖ ਭਾਗਾਂ, ਖਾਸ ਕਰਕੇ ਵਿਭਿੰਨ ਧਰਮਾਂ ਦੇ ਕੇਂਦਰੀ ਅਸਥਾਨਾਂ ਵਿਖੇ ਪੁੱਜੇ ਅਤੇ ਫੋਕੇ ਕਰਮਕਾਂਡਾਂ, ਧਾਰਮਿਕ ਅੰਧ-ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਦਾ ਤਰਕਸੰਗਤ ਖੰਡਨ ਕਰਦਿਆਂ ਲੋਕਾਂ ਨੂੰ ਇਕੋ ਪ੍ਰਮਾਤਮਾ ਦੇ ਲੜ ਲੱਗਣ ਲਈ ਪ੍ਰੇਰਿਆ ਅਤੇ ਧਾਰਮਿਕ ਤੇ ਸਮਾਜਿਕ ਚੇਤਨਾ ਦੇਣ ਦੇ ਨਾਲ-ਨਾਲ ਉਨ੍ਹਾਂ ਨੇ ਜਰਵਾਣਿਆਂ ਦੇ ਜ਼ੁਲਮਾਂ ਦੀ ਵੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ। ਹਮਲਾਵਰ ਬਾਬਰ ਵੱਲੋਂ ਕੀਤੀ ਲੁੱਟ-ਖਸੁੱਟ ਦਾ ਜ਼ਿਕਰ ਕਰਦੇ ਹੋਏ ਆਪ ਫ਼ੁਰਮਾਉਂਦੇ ਹਨ :

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ
ਜਮੁ ਕਰਿ ਮੁਗਲੁ ਚੜਾਇਆ ॥
ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨ ਆਇਆ ॥

ਗੁਰੂ ਨਾਨਕ ਸਾਹਿਬ ਨੇ ਅਥਾਹ ਬਾਣੀ ਰਚੀ, ਜੋ ਸਿੱਖ ਧਰਮ ਦਾ ਮੂਲ ਆਧਾਰ ਮੰਨੀ ਜਾਂਦੀ ਹੈ। ਗੁਰੂ ਸਾਹਿਬ ਦੇ ਪਾਵਨ ਉਪਦੇਸ਼ਾਂ ਅਤੇ ਸਿਧਾਂਤਾਂ ਨੇ ਹਿੰਦੁਸਤਾਨ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ ਅਤੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਉਨ੍ਹਾਂ ਨੇ ਸਿੱਖ ਧਰਮ ਨੂੰ ਸਿਰਫ ਅਧਿਆਤਮਿਕਤਾ ਤੱਕ ਹੀ ਸੀਮਤ ਨਹੀਂ ਰੱਖਿਆ, ਸਗੋਂ ਮਨੁੱਖੀ-ਜੀਵਨ ਦੀ ਹਰ ਪੱਖ ਤੋਂ ਅਗਵਾਈ ਕਰਨ ਵਾਲਾ ਧਰਮ ਬਣਾਇਆ। ਉਨ੍ਹਾਂ ਨੇ ਮਨੁੱਖ ਨੂੰ ਸਚਾਈ, ਨਿਮਰਤਾ, ਦਇਆ, ਸੇਵਾ, ਸਬਰ, ਸੰਤੋਖ, ਪਰਉਪਕਾਰ ਆਦਿ ਗੁਣਾਂ ਦੇ ਧਾਰਨੀ ਹੋ ਆਤਮ-ਨਿਰਭਰ ਤੇ ਸਵੈਮਾਣ ਵਾਲਾ ਜੀਵਨ ਜਿਊਣ ਦੇ ਯੋਗ ਬਣਾਇਆ।



ਗੁਰੂ ਸਾਹਿਬ ਨੇ ਸਮਕਾਲੀ ਸਮਾਜ ਵਿਚ ਆਰਥਿਕ ਅਸਮਾਨਤਾ ਅਤੇ ਲੁੱਟ-ਖਸੁੱਟ ਨੂੰ ਦੇਖਦਿਆਂ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੇ ਬੁਨਿਆਦੀ ਸਿਧਾਂਤਾਂ ਨੂੰ ਪ੍ਰਚਾਰਿਆ। ਗੁਰੂ ਸਾਹਿਬ ਦੇ ਸਮੇਂ ਹਿੰਦੁਸਤਾਨੀ ਸਮਾਜ ਵਿਚ ਜਿੱਥੇ ਛੂਤ-ਛਾਤ ਦਾ ਬੋਲਬਾਲਾ ਸੀ, ਉੱਥੇ ਨਾਰੀ ਨੂੰ ਪਹਿਚਾਣਦਿਆਂ ਗੁਰੂ ਨਾਨਕ ਦੇਵ ਜੀ ਨੇ ਕਿਰਤ ਨੂੰ ਧਰਮ ਦੇ ਬੁਨਿਆਦੀ ਸਿਧਾਂਤ ਦੇ ਤੌਰ 'ਤੇ ਲੋਕਾਂ ਵਿਚ ਪ੍ਰਚਾਰਿਆ। ਗੁਰੂ ਸਾਹਿਬ ਨੇ ਸੰਸਾਰ ਨੂੰ ਤਿਆਗਣ ਅਤੇ ਤ੍ਰਿਸਕਾਰਨ ਦੀ ਵਿਚਾਰਧਾਰਾ ਦਾ ਵਿਰੋਧ ਕੀਤਾ। ਉਨ੍ਹਾਂ ਗ੍ਰਹਿਸਥ ਨੂੰ ਪ੍ਰਮੁੱਖਤਾ ਦੇ ਕੇ, ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਕੇ ਸਮਾਜਿਕ ਜੀਵਨ ਜਿਊਣ ਦਾ ਸੰਦੇਸ਼ ਦਿੱਤਾ। ਗੁਰੂ ਜੀ ਨੇ ਜੀਵਨ ਮੁਕਤੀ ਦੀ ਪ੍ਰਾਪਤੀ ਲਈ ਜੰਗਲਾਂ ਤੇ ਪਹਾੜਾਂ ਆਦਿ ਵਿਚ ਇਕਾਂਤ-ਵਾਸ ਕਰਨ ਨੂੰ ਨਿੰਦਿਆ ਅਤੇ ਗ੍ਰਹਿਸਥ ਵਿਚ ਰਹਿ ਕੇ, ਸੇਵਾ ਸਿਮਰਨ ਰਾਹੀਂ ਮੁਕਤੀ ਦਾ ਮਾਰਗ ਦਰਸਾਇਆ :

ਨਾਨਕ ਸਤਿਗੁਰਿ ਭੇਟਿਐ
ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ
ਖਾਵੰਦਿਆ ਵਿਚੇ ਹੋਵੈ ਮੁਕਤਿ ॥

ਗੁਰੂ ਜੀ ਅਨੁਸਾਰ ਪਵਿੱਤਰ ਕਮਾਈ ਉਹੀ ਹੈ, ਜਿਹੜੀ ਤਨਦੇਹੀ ਨਾਲ ਮਿਹਨਤ ਕਰਕੇ ਕੀਤੀ ਗਈ ਹੋਵੇ। ਉਨ੍ਹਾਂ ਕਰਤਾਰਪੁਰ ਸਾਹਿਬ ਵਿਖੇ ਆਪਣੇ ਹੱਥੀਂ ਖੇਤੀ ਕਰਕੇ ਮਨੁੱਖਤਾ ਨੂੰ ਕਿਰਤ ਕਰਨ ਦਾ ਸੰਦੇਸ਼ ਦਿੰਦਿਆਂ ਫ਼ੁਰਮਾਇਆ :

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥

ਉਨ੍ਹਾਂ ਦੇ ਦਰਸਾਏ

ਅਸਾਮ ਅਤੇ ਹਰਿਆਣਾ ਦੇ ਅਨੁਸੂਚਿਤ ਜਾਤੀ ਵਿੱਤ ਅਤੇ ਵਿਕਾਸ ਨਿਗਮ ਕਰਨਗੇ ਆਪਸੀ ਸਹਿਯੋਗ ਅਤੇ ਤਾਲਮੇਲ

ਚੰਡੀਗੜ੍ਹ, 23 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਅਸਾਮ ਰਾਜ ਅਨੁਸੂਚਿਤ ਜਾਤੀ ਵਿੱਤ ਅਤੇ ਵਿਕਾਸ ਨਿਗਮ ਲਿਮਟਿਡ ਦੇ ਉਪ-ਚੇਅਰਮੈਨ ਸ਼੍ਰੀ ਸਿਮੰਤਾ ਦਾਸ ਅਤੇ ਡਾਇਰੈਕਟਰ ਬੋਰਡ ਦੇ ਮੈਂਬਰਾਂ ਨੇ ਅੱਜ ਹਰਿਆਣਾ ਅਨੁਸੂਚਿਤ ਜਾਤੀ ਵਿੱਤ ਅਤੇ ਵਿਕਾਸ ਨਿਗਮ ਦੇ ਹੈੱਡਕੁਆਰਟਰ ਦਾ ਦੌਰਾ ਕੀਤਾ।

ਇਸ ਮੌਕੇ ਹਰਿਆਣਾ ਅਨੁਸੂਚਿਤ ਜਾਤੀ ਵਿੱਤ ਅਤੇ ਵਿਕਾਸ ਨਿਗਮ ਦੇ ਚੇਅਰਮੈਨ ਸ਼੍ਰੀ ਬਲਦੇਵ ਸਿੰਘ ਗਰੋਹਾ, ਪ੍ਰਬੰਧ ਨਿਰਦੇਸ਼ਕ ਡਾ. ਵੰਦਨਾ ਦਿਸੋਦੀਆ ਅਤੇ ਨਿਗਮ ਦੇ ਹੋਰ ਅਧਿਕਾਰੀ ਵੀ ਹਾਜ਼ਰ ਰਹੇ।

ਇਸ ਦੌਰਾਨ ਦੋਵਾਂ ਨਿਗਮਾਂ ਦੇ ਨੁਮਾਇੰਦਿਆਂ ਵਿਚਕਾਰ ਅਨੁਸੂਚਿਤ ਜਾਤੀ ਵਰਗ ਦੇ ਯੋਗ ਲਾਭਪਾਤਰੀਆਂ ਦੇ ਆਰਥਿਕ ਅਤੇ ਸਮਾਜਿਕ ਉਥਾਨ ਦੇ ਉਦੇਸ਼ ਨਾਲ ਚਲਾਈਆਂ ਜਾ ਰਹੀਆਂ ਵੱਖ-ਵੱਖ ਕਰਜ਼ਾ ਯੋਜਨਾਵਾਂ ਦੇ ਸੰਚਾਲਨ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਨੂੰ ਲੈ ਕੇ ਵਿਸਤ੍ਰਿਤ ਵਿਚਾਰ-ਵਟਾਂਦਰਾ ਕੀਤਾ ਗਿਆ।

ਮੀਟਿੰਗ ਵਿੱਚ ਸਵੈ-ਰੁਜ਼ਗਾਰ, ਉੱਦਮਤਾ ਵਿਕਾਸ ਅਤੇ ਨਵੇਂ ਕਾਰੋਬਾਰ ਸਥਾਪਤ ਕਰਨ ਲਈ ਵਿੱਤੀ ਸਹਾਇਤਾ ਉਪਲਬਧ ਕਰਵਾਉਣ ਦੇ ਵੱਖ-ਵੱਖ ਉਪਾਵਾਂ 'ਤੇ ਵੀ ਚਰਚਾ ਹੋਈ।

ਇਸ ਤੋਂ ਇਲਾਵਾ, ਕਰਜ਼ਾ ਵੰਡ ਪ੍ਰਕਿਰਿਆ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ, ਯੋਜਨਾਵਾਂ ਦਾ ਲਾਭ ਯੋਗ ਲਾਭਪਾਤਰੀਆਂ ਤੱਕ ਪਹੁੰਚਾਉਣ ਅਤੇ ਵੰਡੇ ਗਏ ਕਰਜ਼ਿਆਂ ਦੀ ਸਮਾਂਬੱਧ ਤੇ ਪ੍ਰਭਾਵਸ਼ਾਲੀ ਵਸੂਲੀ ਯਕੀਨੀ ਬਣਾਉਣ ਲਈ ਅਪਣਾਈਆਂ ਜਾ ਸਕਣ ਵਾਲੀਆਂ ਰਣਨੀਤੀਆਂ 'ਤੇ ਵੀ ਦੋਵਾਂ ਧਿਰਾਂ ਨੇ ਆਪਣੇ ਤਜਰਬੇ ਸਾਂਝੇ ਕੀਤੇ।

ਦੋਵਾਂ ਨਿਗਮਾਂ ਦੇ ਨੁਮਾਇੰਦਿਆਂ ਨੇ ਇੱਕ-ਦੂਜੇ ਦੀਆਂ ਯੋਜਨਾਵਾਂ, ਕਾਰਜਪ੍ਰਣਾਲੀ ਅਤੇ ਸਫਲ ਉਪਰਾਲਿਆਂ ਤੋਂ ਸਿੱਖਦਿਆਂ ਅਨੁਸੂਚਿਤ ਜਾਤੀ ਵਰਗ ਦੇ ਆਰਥਿਕ ਸਸ਼ਕਤੀਕਰਨ ਅਤੇ ਆਤਮ-ਨਿਰਭਰਤਾ ਨੂੰ ਉਤਸ਼ਾਹਿਤ ਕਰਨ ਦੀ ਦਿਸ਼ਾ ਵਿੱਚ ਆਪਸੀ ਸਹਿਯੋਗ ਅਤੇ ਤਾਲਮੇਲ ਬਣਾਈ ਰੱਖਣ 'ਤੇ ਜ਼ੋਰ ਦਿੱਤਾ।

ਸੁਰਿੰਦਰ ਕੁਮਾਰ ਸੈਣੀ ਜ਼ਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਨਿਵਾਰਣ ਕਮੇਟੀ, ਜੀਂਦ ਦੇ ਗੈਰ-ਸਰਕਾਰੀ ਮੈਂਬਰ ਨਾਮਜ਼ਦ

ਚੰਡੀਗੜ੍ਹ, 23 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸਰਕਾਰ ਨੇ ਪਿੰਡ ਜਲਾਲਪੁਰ ਖੁਰਦ, ਜ਼ਿਲ੍ਹਾ ਜੀਂਦ ਨਿਵਾਸੀ ਸ਼੍ਰੀ ਸੁਰਿੰਦਰ ਕੁਮਾਰ ਸੈਣੀ ਨੂੰ ਜ਼ਿਲ੍ਹਾ ਲੋਕ ਸੰਪਰਕ ਅਤੇ ਸ਼ਿਕਾਇਤ ਨਿਵਾਰਣ ਕਮੇਟੀ, ਜੀਂਦ ਦਾ ਗੈਰ-ਸਰਕਾਰੀ ਮੈਂਬਰ ਨਾਮਜ਼ਦ ਕੀਤਾ ਹੈ। ਉਨ੍ਹਾਂ ਦੀ ਨਿਯੁਕਤੀ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗੀ। ਮੁੱਖ ਸਕੱਤਰ ਸ਼੍ਰੀ ਅਨੁਰਾਗ ਰਸਤੋਗੀ ਵੱਲੋਂ ਇਸ ਸਬੰਧ ਵਿੱਚ ਹੁਕਮ ਜਾਰੀ ਕੀਤੇ ਗਏ ਹਨ।

ਪ੍ਰਸ਼ਾਸਨ ਨੇ ਬਾਬੈਨ 'ਚੋਂ ਨਾਜਾਇਜ਼ ਕਬਜ਼ੇ ਹਟਾਏ



ਸ਼ਾਹਬਾਦ ਮਾਰਕੰਡਾ, 23 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਸ਼ਾਸਨ ਨੇ ਬਾਬੈਨ ਦੇ ਬਰਾੜਾ ਰੋਡ 'ਤੇ ਨਾਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਚਲਾਈ। ਜਾਣਕਾਰੀ ਅਨੁਸਾਰ ਬੀ ਡੀ ਪੀ ਓ ਸੁਸ਼ੀਲ ਕੁਮਾਰ ਮੰਗਲਾ ਦੀ ਮੌਜੂਦਗੀ ਵਿੱਚ ਦੁਕਾਨਾਂ ਦੇ ਅੱਗੇ ਬਣੇ ਥੜ੍ਹਿਆਂ ਤੇ ਪੌੜੀਆਂ ਨੂੰ ਜੇ ਸੀ ਬੀ ਦੀ ਮਦਦ ਨਾਲ ਢਾਹ ਦਿੱਤਾ ਗਿਆ। ਅਧਿਕਾਰੀਆਂ ਨੇ ਕਿਹਾ ਕਿ ਪ੍ਰਸ਼ਾਸਨ ਨੂੰ ਪਿਛਲੇ ਲੰਮੇ ਸਮੇਂ ਤੋਂ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਬਰਾੜਾ ਰੋਡ 'ਤੇ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਦੇ ਅੱਗੇ ਨਾਲੀ ਅਤੇ ਸੜਕ ਦੇ ਖੇਤਰ ਤੱਕ ਕੰਕਰੀਟ ਦੀਆਂ ਪੌੜੀਆਂ ਬਣਾਈਆਂ ਹੋਈਆਂ ਹਨ, ਜਿਸ ਕਰ ਕੇ ਪੈਦਲ ਚੱਲਣ ਵਾਲਿਆਂ ਨੂੰ ਮੁਸ਼ਕਲ ਆਉਂਦੀ ਹੈ ਅਤੇ ਜਾਮ ਰਹਿੰਦਾ ਹੈ। ਸ਼ਿਕਾਇਤਾਂ ਦਾ ਨੋਟਿਸ ਲੈਂਦਿਆਂ ਅੱਜ ਬੀ ਡੀ ਪੀ ਓ ਸੁਸ਼ੀਲ ਕੁਮਾਰ ਮੰਗਲਾ ਦੀ ਨਿਗਰਾਨੀ ਹੇਠ ਕਾਰਵਾਈ ਕੀਤੀ ਗਈ ਅਤੇ ਜੇ ਸੀ ਬੀ ਦੀ ਮਦਦ ਨਾਲ ਦੁਕਾਨਾਂ ਦੇ ਅੱਗੇ ਬਣੀਆਂ ਨਾਜਾਇਜ਼ ਪੌੜੀਆਂ ਢਾਹੀਆਂ ਗਈਆਂ। f

ਇਸ ਮੌਕੇ ਬਾਬੈਨ ਥਾਣੇ ਦੇ ਇੰਚਾਰਜ ਬਲਬੀਰ ਦੱਤ ਪੁਲਿਸ ਫੋਰਸ ਨਾਲ ਮੌਕੇ ਉੱਤੇ ਮੌਜੂਦ ਸਨ। ਸਥਾਨਕ ਲੋਕਾਂ ਵੱਲੋਂ ਇਸ ਕਾਰਵਾਈ ਦਾ ਸਵਾਗਤ ਕਰਦਿਆਂ ਆਖਿਆ ਗਿਆ ਕਿ ਇਸ ਨਾਲ ਸੜਕ ਚੌੜੀ ਹੋਵੇਗੀ ਅਤੇ ਆਵਾਜਾਈ ਵਿੱਚ ਵਿਘਨ ਨਹੀਂ ਪਵੇਗਾ।

ਪ੍ਰਸ਼ਾਸਨ ਨੇ ਚਿਤਾਵਨੀ ਦਿੱਤੀ ਕਿ ਵਾਰ-ਵਾਰ ਕਬਜ਼ੇ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਬਾਬੈਨ ਦੇ ਸਰਪੰਚ ਸੰਜੀਵ ਸਿੰਗਲਾ ਨੇ ਕਿਹਾ ਕਿ ਪ੍ਰਸ਼ਾਸਨ ਦੀ ਇਸ ਕਾਰਵਾਈ ਦਾ ਲੋਕਾਂ ਵੱਲੋਂ ਸਵਾਗਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਾਈਪ ਲਾਈਨਾਂ ਨੂੰ ਨਾਲੀਆਂ ਦੇ ਹੇਠਾਂ ਦੱਬ ਦਿੱਤਾ ਜਾਵੇਗਾ, ਜਿਸ ਨਾਲ ਸੜਕ ਹੋਰ ਚੌੜੀ ਹੋ ਜਾਵੇਗੀ ਅਤੇ ਭਵਿੱਖ ਵਿੱਚ ਟਰੈਫ਼ਿਕ ਜਾਮ ਤੋਂ ਰਾਹਤ ਮਿਲੇਗੀ।

ਪੰਚਕੂਲਾ ਦੇ ਐਗਰੋਮਾਲ ਵਿੱਚ ਦਫ਼ਤਰੀ ਵਰਤੋਂ ਲਈ ਦੁਕਾਨਾਂ ਕਿਰਾਏ 'ਤੇ ਉਪਲਬਧ

ਚੰਡੀਗੜ੍ਹ, 23 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਰਾਜ ਖੇਤੀਬਾੜੀ ਮੰਡੀਕਰਨ ਬੋਰਡ ਦੇ ਸੈਕਟਰ-20, ਪੰਚਕੂਲਾ ਸਥਿਤ ਐਗਰੋਮਾਲ ਭਵਨ ਵਿੱਚ ਸਰਕਾਰੀ ਵਿਭਾਗਾਂ, ਬੋਰਡਾਂ ਅਤੇ ਨਿਗਮਾਂ ਦੀ ਦਫ਼ਤਰੀ ਵਰਤੋਂ ਲਈ ਦੁਕਾਨਾਂ ਕਿਰਾਏ 'ਤੇ ਉਪਲਬਧ ਹਨ। ਚਾਹਵਾਨ ਵਿਭਾਗ, ਬੋਰਡ ਅਤੇ ਨਿਗਮ ਆਪਣੀ ਲੋੜ ਅਨੁਸਾਰ 40 ਰੁਪਏ ਪ੍ਰਤੀ ਵਰਗ ਫੁੱਟ ਦੀ ਦਰ ਨਾਲ ਇਨ੍ਹਾਂ ਦੁਕਾਨਾਂ ਨੂੰ ਕਿਰਾਏ 'ਤੇ ਲੈ ਸਕਦੇ ਹਨ।

ਮੁੱਖ ਸਕੱਤਰ ਸ਼੍ਰੀ ਅਨੁਰਾਗ ਰਸਤੋਗੀ ਵੱਲੋਂ ਜਾਰੀ ਇੱਕ ਪੱਤਰ ਅਨੁਸਾਰ, ਐਗਰੋਮਾਲ ਭਵਨ ਦੀ ਗਰਾਊਂਡ ਫਲੋਰ (ਹੇਠਲੀ ਮੰਜ਼ਿਲ) 'ਤੇ ਛੋਟੀਆਂ ਅਤੇ ਵੱਡੀਆਂ ਕੁੱਲ 71 ਦੁਕਾਨਾਂ ਉਪਲਬਧ ਹਨ, ਜਿਨ੍ਹਾਂ ਦਾ ਕੁੱਲ ਖੇਤਰਫਲ ਲਗਭਗ 1,577.32 ਵਰਗ ਮੀਟਰ ਹੈ। ਇਸ ਤੋਂ ਇਲਾਵਾ, ਭਵਨ ਦੀ ਤੀਜੀ ਮੰਜ਼ਿਲ 'ਤੇ 20 ਦੁਕਾਨਾਂ ਉਪਲਬਧ ਹਨ, ਜਿਨ੍ਹਾਂ ਦਾ ਕੁੱਲ ਖੇਤਰਫਲ ਲਗਭਗ 1,206.67 ਵਰਗ ਮੀਟਰ ਹੈ।

ਚਾਹਵਾਨ ਵਿਭਾਗ, ਬੋਰਡ ਅਤੇ ਨਿਗਮ ਦਫ਼ਤਰੀ ਵਰਤੋਂ ਲਈ ਇਨ੍ਹਾਂ ਦੁਕਾਨਾਂ ਨੂੰ ਕਿਰਾਏ 'ਤੇ ਲੈਣ ਵਾਸਤੇ ਸਿੱਧਾ ਹਰਿਆਣਾ ਰਾਜ ਖੇਤੀਬਾੜੀ ਮੰਡੀਕਰਨ ਬੋਰਡ, ਪੰਚਕੂਲਾ ਨਾਲ ਸੰਪਰਕ ਕਰ ਸਕਦੇ ਹਨ।

ਪੱਤਰ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਐਗਰੋਮਾਲ ਭਵਨ ਨੂੰ ਕਿਰਾਏ 'ਤੇ ਲੈਣ ਦੇ ਸਬੰਧ ਵਿੱਚ ਸਕੱਤਰੇਤ ਦੀ ਪ੍ਰਸ਼ਾਸਨਿਕ ਅਧਿਕਾਰੀ ਸ਼ਾਖਾ ਨਾਲ ਪੱਤਰ-ਵਿਹਾਰ ਕਰਨ ਦੀ ਲੋੜ ਨਹੀਂ ਹੈ, ਸਗੋਂ ਉਹ ਸਿੱਧਾ ਹਰਿਆਣਾ ਰਾਜ ਖੇਤੀਬਾੜੀ ਮੰਡੀਕਰਨ ਬੋਰਡ ਨਾਲ ਸੰਪਰਕ ਕਰ ਸਕਦੇ ਹਨ।

ਵਿਧਾਇਕ ਸ਼ੈਰੀ ਕਲਸੀ ਨੇ ਮੇਰਾ ਘਰ ਮੇਰੇ ਨਾਮ ਸਕੀਮ ਤਹਿਤ ਪਿੰਡ ਅਠਵਾਲ ਵਿਖੇ ਲੋਕਾਂ ਨੂੰ ਵੰਡੇ ਪ੍ਰਾਪਰਟੀ ਕਾਰਡ



ਬਟਾਲਾ, 23 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਲਾਲ ਲਕੀਰ ਦੇ ਘੇਰੇ ਅੰਦਰ ਆਉਂਦੇ ਲੋਕਾਂ ਨੂੰ ਉਨਾਂ ਦਾ ਮਾਲਕੀ ਦਿਵਾਉਣ ਲਈ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਵਲੋਂ ਪਿੰਡ ਅਠਵਾਲ ਵਿਖੇ ਲੋਕਾਂ ਨੂੰ ਪ੍ਰਾਪਰਟੀ ਕਾਰਡ ਵੰਡੇ ਗਏ।

ਇਸ ਮੌਕੇ ਪਿੰਡ ਵਾਸੀਆਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬਾ ਵਾਸੀਆਂ ਨੂੰ ਇੱਕ ਵੱਡੀ ਸੌਗਾਤ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਲਾਲ ਲਕੀਰ ਦੇ ਘੇਰੇ ਵਿੱਚ ਆਉਂਦੇ ਲੋਕਾਂ ਦੀ ਪ੍ਰਾਪਰਟੀ ਉਨਾਂ ਦੇ ਨਾਮ ਨਹੀਂ ਸੀ, ਜਿਸ ਕਾਰਨ ਉਨਾਂ ਨੂੰ ਉਹਨਾਂ ਦੀ ਪ੍ਰਾਪਰਟੀ ਦਾ ਕਾਨੂੰਨੀ ਹੱਕ ਨਹੀਂ ਮਿਲਿਆ ਸੀ।

ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਸ ਨਾਲ ਲਾਲ ਲਕੀਰ ਦੇ ਵਸੀਆਂ ਦੀਆਂ ਦਹਾਕਿਆਂ ਪੁਰਾਣੀਆਂ ਚੁਣੌਤੀਆਂ ਦਾ ਹੱਲ ਹੋਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਇਹ ਪਹਿਲ ਕਦਮੀ ਇਨ੍ਹਾਂ ਲੋਕਾਂ ਦਾ ਮਾਣ-ਸਨਮਾਨ ਬਹਾਲ ਕਰਦੀ ਹੈ ਅਤੇ ਇਨ੍ਹਾਂ ਲਈ ਆਰਥਿਕ ਸੰਭਾਵਨਾਵਾਂ ਨੂੰ ਖੋਲ੍ਹਦੀ ਹੈ। ਉਨ੍ਹਾਂ ਨੇ ਕਿਹਾ ਇਹ ਯੋਜਨਾ ਨਾ ਸਿਰਫ਼ ਕਾਨੂੰਨੀ ਮਾਨਤਾ ਪ੍ਰਦਾਨ ਕਰਦੀ ਹੈ, ਸਗੋਂ ਲਾਲ ਲਕੀਰ ਦੇ ਵਸੀਆਂ ਨੂੰ ਆਰਥਿਕ ਤਰੱਕੀ ਲਈ ਆਪਣੀ ਜਾਇਦਾਦ ਦੀ ਵਰਤੋਂ ਕਰਨ ਦੇ ਸਾਧਨ ਵੀ ਦਿੰਦੀ ਹੈ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 'ਮੇਰਾ ਘਰ ਮੇਰੇ ਨਾਮ' ਸਕੀਮ ਨੂੰ ਲਾਗੂ ਕਰਨ ਦਾ ਮੁੱਖ ਉਦੇਸ਼ ਲਾਲ ਲਕੀਰ ਦੇ ਅੰਦਰ ਘਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਮਾਲਕੀ ਅਧਿਕਾਰ ਪ੍ਰਦਾਨ ਕਰਨਾ ਹੈ।

ਇਸ ਯੋਜਨਾ ਦੇ ਤਹਿਤ ਲਾਲ ਲਕੀਰ ਦੇ ਅੰਦਰ ਰਹਿਣ ਵਾਲੇ ਲੋਕ ਜਿਨ੍ਹਾਂ ਨੂੰ ਅੱਜ ਜਾਇਦਾਦ ਦੇ ਅਧਿਕਾਰ ਮਿਲ ਗਏ ਹਨ, ਉਹ ਆਪਣੀ ਜਾਇਦਾਦ ਵੇਚ ਸਕਣਗੇ ਅਤੇ ਆਪਣੇ ਘਰਾਂ 'ਤੇ ਕਰਜ਼ਾ ਲੈ ਸਕਣਗੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਸਮਾਜਿਕ-ਆਰਥਿਕ ਸੁਰੱਖਿਆ ਨੂੰ ਵਧਾਉਣ ਅਤੇ ਜਨਤਾ ਦੀਆਂ ਸ਼ਿਕਾਇਤਾਂ ਦੇ ਹੱਲ ਲਈ ਅਟੁੱਟ ਵਚਨਬੱਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਯੋਜਨਾ ਦੇ ਤਹਿਤ ਹੋਰ ਵੀ ਪ੍ਰਾਪਰਟੀ ਕਾਰਡ ਵੰਡੇ ਜਾਣਗੇ।

ਚੇਅਰਮੈਨ ਗੁਰਪਾਲ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਭਾਗੋਵਾਲ ਵਿਖੇ ਪਹੁੰਚੇ, ਸਕੂਲ ਸਟਾਫ ਨਾਲ ਕੀਤੀ ਮੀਟਿੰਗ



ਬਟਾਲਾ, 23 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਗੁਰਪਾਲ ਸਿੰਘ, ਚੇਅਰਮੈਨ, ਵਿਕਸਿਤ ਭਾਰਤ ਪ੍ਰੋਜੈਕਟ ਏ.ਆਈ, ਭਾਰਤ ਸਰਕਾਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਭਾਗੋਵਾਲ ਵਿਖੇ ਪਹੁੰਚੇ ਅਤੇ ਸਕੂਲ ਸਟਾਫ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਸਰਬਜੀਤ ਕੌਰ, ਸਟਾਫ ਅਤੇ ਪੀਏ ਬਲਜੀਤ ਸਿੰਘ ਮੌਜੂਦ ਸਨ।

ਚੇਅਰਮੈਨ ਗੁਰਪਾਲ ਸਿੰਘ ਨੇ ਗੱਲਬਾਤ ਦੌਰਾਨ ਕਿਹਾ ਕਿ ਏ.ਆਈ, ਬੱਚਿਆਂ ਦਾ ਭਵਿੱਖ ਹੈ।

ਉਨਾਂ ਨੇ ਸਕਿੱਲਗ ਫਾਰ ਏ.ਆਈ ਰੈਡੀਨੈੱਸ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਜੈਕਟ ਨੂੰ ਜ਼ਿਲੇ ਦੇ ਸਾਰੇ ਸਕੂਲਾਂ ਵਿੱਚ ਬਿਨਾਂ ਕਿਸੇ ਰੁਕਾਵਟ ਦੇ ਸੁਚਾਰੂ ਢੰਗ ਨਾਲ ਲਾਗੂ ਕੀਤਾ ਜਾਵੇ।

ਉਨਾ ਕਿਹਾ ਕਿ 6ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ (ਸਰਕਾਰੀ ਅਤੇ ਪ੍ਰਾਈਵੇਟ) ਦੀ ਜਾਣਕਾਰੀ ਪੋਰਟਲ ਓਪਰ ਅਪਲੋਡ ਕੀਤੀ ਜਾਵੇ।

ਚੇਅਰਮੈਨ ਗੁਰਪਾਲ ਸਿੰਘ ਨੇ ਅੱਗੇ ਕਿਹਾ ਕਿ ਅਸੀ ਆਪਣੇ ਬੱਚਿਆਂ ਨੂੰ ਏ.ਆਈ ਦੇ ਡਿਵਲਪਰ ਬਣਾਵਾਗੇ, ਉਹ ਖੁਦ ਏ.ਆਈ ਦੇ ਟੂਲਜ਼ ਬਣਾਉਣਾ ਸਿੱਖਣ ਅਤੇ ਏ.ਆਈ ਦੀ ਫੈਸੀਲਿਟੀ ਹਰ ਵਿਦਿਆਰਥੀ ਤੱਕ ਪੁਜਦਾ ਕੀਤੀ ਜਾਵੇਗੀ।

ਇਸ ਮੌਕੇ ਸਕੂਲ ਸਟਾਫ ਵਲੋਂ ਵੱਖ-ਵੱਖ ਪਹਿਲੂਆਂ ਸਬੰਧੀ ਪ੍ਰਸ਼ਨ ਵੀ ਪੁੱਛੇ ਗਏ, ਜਿਨਾਂ ਦਾ ਚੇਅਰਮੈਨ ਗੁਰਪਾਲ ਸਿੰਘ ਵੱਲੋਂ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

ਪੰਜਾਬ ਦਾ 5000 ਦਾ ਇਨਾਮੀ ਬਦਮਾਸ਼ ਯਮੁਨਾਨਗਰ ਚ ਪੁਲੀਸ ਮੁਕਾਬਲੇ ਦੌਰਾਨ ਕਾਬੂ

ਯਮੁਨਾਨਗਰ, 23 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੰਗਲਵਾਰ ਸ਼ਾਮ ਨੂੰ ਯਮੁਨਾਨਗਰ ਜ਼ਿਲ੍ਹਾ ਪੁਲੀਸ ਦੀ 'ਸੀ.ਆਈ.ਏ.-99' (391-99) ਟੀਮ ਨਾਲ ਹੋਈ ਗੋਲੀਬਾਰੀ ਦੌਰਾਨ, ਤਿੰਨ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦਾ 31 ਸਾਲਾ ਵਿਅਕਤੀ ਦੇ ਪੈਰ ਵਿੱਚ ਗੋਲੀ ਲੱਗਣ ਤੋਂ ਬਾਅਦ ਕਾਬੂ ਕੀਤਾ ਗਿਆ ਹੈ।

ਇਸ ਮੁਲਜ਼ਮ ਦੀ ਪਛਾਣ ਰਾਜਪੁਰਾ (ਪੰਜਾਬ) ਦੇ ਪਿੰਡ ਜੈ ਨਗਰ ਦੇ ਰਹਿਣ ਵਾਲੇ ਪਰਮਿੰਦਰ ਸਿੰਘ ਵਜੋਂ ਹੋਈ ਹੈ।

ਕਤਲ ਦੇ ਇੱਕ ਮਾਮਲੇ, ਘਰ 'ਤੇ ਗੋਲੀਬਾਰੀ ਦੀ ਘਟਨਾ ਅਤੇ ਮਾਰਕੁੱਟ ਦੇ ਮਾਮਲੇ ਸਮੇਤ ਤਿੰਨ ਅਪਰਾਧਿਕ ਮਾਮਲਿਆਂ ਵਿੱਚ ਕਥਿਤ ਤੌਰ 'ਤੇ ਲੋੜੀਂਦੇ 31 ਸਾਲਾ ਵਿਅਕਤੀ ਨੇ ਮੰਗਲਵਾਰ ਸ਼ਾਮ ਨੂੰ ਪਬਨੀ ਪਿੰਡ ਨੇੜੇ ਯਮੁਨਾਨਗਰ ਜ਼ਿਲ੍ਹਾ ਪੁਲੀਸ ਦੀ ਸੀ.ਆਈ.ਏ.- ?(391-99) ਟੀਮ ਨਾਲ ਹੋਏ ਗੋਲੀਬਾਰੀ ਦੇ ਮੁਕਾਬਲੇ ਦੌਰਾਨ ਆਪਣੇ ਪੈਰ ਵਿੱਚ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਿਆ।

ਮੁਲਜ਼ਮ ਦੀ ਪਛਾਣ ਰਾਜਪੁਰਾ (ਪੰਜਾਬ) ਦੇ ਜੈ ਨਗਰ ਪਿੰਡ ਦੇ ਰਹਿਣ ਵਾਲੇ ਪਰਮਿੰਦਰ ਸਿੰਘ ਵਜੋਂ ਹੋਈ ਹੈ।

ਡੀ.ਐੱਸ.ਪੀ. ਰਜਤ ਗੁਲੀਆ ਨੇ ਦੱਸਿਆ ਕਿ ਜ਼ਿਲ੍ਹਾ ਪੁਲੀਸ ਨੂੰ ਮੰਗਲਵਾਰ ਸ਼ਾਮ ਨੂੰ ਸੂਚਨਾ ਮਿਲੀ ਸੀ ਕਿ ਯਮੁਨਾਨਗਰ ਜ਼ਿਲ੍ਹੇ ਵਿੱਚ ਦਰਜ ਤਿੰਨ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦਾ ਇੱਕ ਵਿਅਕਤੀ ਇਸ ਇਲਾਕੇ ਵਿੱਚ ਮੌਜੂਦ ਹੈ। ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਸੀ.ਆਈ.ਏ.- ? ਦੀ ਟੀਮ ਨੇ ਸ਼ੱਕੀ ਨੂੰ ਫੜਨ ਲਈ ਪਬਨੀ ਪਿੰਡ ਵਿੱਚ ਨਾਕੇਬੰਦੀ ਕੀਤੀ ਗਈ ਸੀ।

ਡੀ.ਐੱਸ.ਪੀ. ਅਨੁਸਾਰ, ਜਦੋਂ ਟੀਮ ਨੇ ਮੋਟਰਸਾਈਕਲ 'ਤੇ ਆ ਰਹੇ ਇੱਕ ਵਿਅਕਤੀ ਨੂੰ ਦੇਖਿਆ, ਤਾਂ ਉਨ੍ਹਾਂ ਨੇ ਉਸ ਨੂੰ ਰੁਕਣ ਦਾ ਇਸ਼ਾਰਾ ਕੀਤਾ। ਹਾਲਾਂਕਿ, ਸ਼ੱਕੀ ਨੇ ਪੁਲੀਸ ਕਰਮਚਾਰੀਆਂ 'ਤੇ

ਗੈਰ ਸਮਾਜੀ ਗਤੀਵਿਧੀਆਂ ਨੂੰ ਰੋਕਣ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਪਟਿਆਲਾ ਜੋਨ ਨੇ ਪ੍ਰਸ਼ਾਸਨ ਨੂੰ ਦਿੱਤਾ ਮੰਗ ਪਤੱਰ

ਪਟਿਆਲਾ, 23 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਪਾਖੰਡੀ ਬਾਬਿਆਂ, ਤਾਂਤਰਿਕਾਂ, ਜੋਤਿਸ਼ੀਆਂ ਅਤੇ ਪੁੱਛਾਂ ਦੇਣ ਵਾਲਿਆਂ ਦੀਆਂ ਵਧ ਰਹੀਆਂ ਗੈਰ-ਕਾਨੂੰਨੀ ਅਤੇ ਗੈਰ ਸਮਾਜੀ ਗਤੀਵਿਧੀਆਂ ਨੂੰ ਨੱਥ ਪਾਉਣ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਪਟਿਆਲਾ ਦੇ ਇੱਕ ਵਫਦ ਨੇ ਅੱਜ ਇਕ ਮੰਗ ਪੱਤਰ ਜ਼ਿਲੇ ਦੀ ਐਡੀਸ਼ਨਲ ਡਿਪਟੀ ਕਮਿਸ਼ਨਰ ਮੈਡਮ ਅਨੁਪਰਿਤਾ ਜੌਹਲ ਨੂੰ ਸੌਂਪਿਆ। ਇਸ ਵਫਦ ਵਿੱਚ ਸ਼ਤੀਸ਼ ਕੁਮਾਰ ਆਲੋਵਾਲ, ਰਾਮ ਕੁਮਾਰ ਢੱਕੜਬਾ, ਰਾਮ ਸਿੰਘ ਬੰਗ, ਥਾਨ ਸਿੰਘ, ਜਾਗਨ ਸਿੰਘ ਅਤੇ ਗੁਰਬਚਨ ਸਿੰਘ ਸ਼ਾਮਲ ਸਨ।

ਇਸ ਮੰਗ ਪਤੱਰ ਬਾਰੇ ਹੋਰ ਜਾਣਕਾਰੀ ਦਿੰਦਿਆਂ ਜੋਨ ਦੇ ਮੀਡੀਆ ਮੁਖੀ ਰਾਮ ਸਿੰਘ ਬੰਗ ਨੇ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਪਿਛਲੇ 42 ਸਾਲਾਂ ਤੋਂ ਸਮਾਜ ਵਿਚ ਅੰਧਵਿਸ਼ਵਾਸਾਂ ਨੂੰ ਖਤਮ ਕਰਕੇ ਵਿਗਿਆਨਕ ਸੋਚ ਵਿਕਸਤ ਕਰਨ ਹਿੱਤ ਸੰਵੀਧਾਨ ਦੀ ਧਾਰਾ 51ਏ (ਐਚ) ਤਹਿਤ ਕੋਸ਼ਿਸ਼ਾਂ ਕਰ ਰਹੀ ਹੈ ਪਰੰਤੂ ਬਹੁਤ ਸਾਰੇ ਅਖੌਤੀ ਬਾਬਿਆਂ, ਸਾਧਾਂ, ਤਾਂਤਰਿਕਾਂ ਅਤੇ ਜੋਤਿਸ਼ੀਆਂ ਨੇ ਕਿਸੇ ਸਮੱਸਿਆ ਨਾਲ ਜੂਝ ਰਹੇ ਲੋਕਾਂ ਨੂੰ ਪੂਜਾ ਪਾਠ ਦੀ ਆੜ ਹੇਠ ਮਾਨਸਿਕ, ਆਰਥਿਕ ਅਤੇ ਸਰੀਰਕ ਤੌਰ ਤੇ ਸ਼ਰੇਆਮ ਲੁੱਟਿਆ ਹੈ। ਇਸ ਮੰਗ ਪਤੱਰ ਰਾਹੀਂ ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਪਟਿਆਲਾ , ਪ੍ਰਸ਼ਾਸਨ ਤੋਂ ਇਨ੍ਹਾਂ ਦੁਖਦਾਈ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਕਾਰਵਾਈ ਕਰਨ ਲਈ ਅਪੀਲ ਕਰਦਾ ਹੈ ਅਤੇ ਇਹ ਵੀ ਆਸ ਕਰਦਾ ਹੈ ਕਿ ਅਗਾਮੀ ਸਮੇਂ ਵਿੱਚ ਹੋਰ ਸੂਬਿਆਂ ਮਹਾਰਾਸ਼ਟਰਾ, ਕਰਨਾਟਕਾ, ਛੱਤੀਸਗੜ੍ਹ ਅਤੇ ਗੁਜਰਾਤ ਦੀ ਤਰਜ਼ ਤੇ ਪੰਜਾਬ ਵਿੱਚ ਵੀ ਇੱਕ ਅੰਧਵਿਸ਼ਵਾਸ ਰੋਕੂ ਕਾਨੂੰਨ ਬਣਾ ਕੇ ਲਾਗੂ ਕੀਤਾ ਜਾਵੇ ਅਤੇ ਪ੍ਰਿੰਟ ਮੀਡੀਆ ਅਤੇ ਟੀ ਵੀ ਚੈਨਲਾਂ ਤੇ ਪ੍ਰਸਾਰਤ ਕੀਤੀ ਜਾ ਰਹੀ ਗੈਰ ਕਾਨੂੰਨੀ ਅਤੇ ਗੈਰ ਵਿਗਿਆਨਕ ਇਸ਼ਤਿਹਾਰਬਾਜੀ ਤੁਰੰਤ ਬੰਦ ਕਰਵਾਈ ਜਾਵੇ।

ਮੰਡੀਆਂ ਵਿੱਚ ਉਮੀਦ ਤੋਂ ਵੱਧ ਜਿਣਸ ਦੀ ਆਮਦ ਕਾਰਨ ਪੈਦਾ ਹੋਈ ਸਥਿਤੀ ਨਾਲ ਨਜਿੱਠਣ ਲਈ ਖਰੀਦ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ 'ਤੇ ਜ਼ੋਰ : ਰਿਚਾ ਗੋਇਲ

ਮਲੇਰਕੋਟਲਾ, 23 ਨਵੰਬਰ
-ਰਾਜੇਸ਼ ਸ਼ਰਮਾ-
-ਕੌਮੀ ਪੱਤ੍ਰਿਕਾ ਬਿਊਰੋ-



ਮੰਡੀਆਂ ਵਿੱਚ ਅਨੁਮਾਨ ਤੋਂ ਵੱਧ ਜਿਣਸ ਦੀ ਆਮਦ ਕਾਰਨ ਪੈਦਾ ਹੋਈ ਸਥਿਤੀ ਨਾਲ ਨਜਿੱਠਣ ਅਤੇ ਕਿਸਾਨਾਂ ਦੀ ਫ਼ਸਲ ਦੀ ਖਰੀਦ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ।

ਉਪ ਮੰਡਲ ਮੈਜਿਸਟ੍ਰੇਟ ਅਮਰਗੜ੍ਹ ਰਿਚਾ ਗੋਇਲ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਦੇ ਦਿਸ਼ਾ-ਨਿਰਦੇਸ਼ਾਂ ਅਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਖਰੀਦ ਪ੍ਰਕਿਰਿਆ ਨੂੰ ਨਿਰਵਿਘਨ ਅਤੇ ਪਾਰਦਰਸ਼ੀ ਢੰਗ ਨਾਲ ਚਲਾਉਣ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚ ਉਮੀਦ ਤੋਂ ਵੱਧ ਜਿਣਸ ਪੁੱਜਣ ਕਾਰਨ ਖਰੀਦ ਅਤੇ ਲਿਫਟਿੰਗ ਦੇ ਪ੍ਰਬੰਧਾਂ 'ਤੇ ਵਾਧੂ ਦਬਾਅ ਪੈਣਾ ਸੁਭਾਵਿਕ ਹੈ, ਪਰ ਅਜਿਹੀ ਸਥਿਤੀ ਨਾਲ ਨਜਿੱਠਣ ਲਈ ਸਬੰਧਤ ਵਿਭਾਗਾਂ ਅਤੇ ਖਰੀਦ ਏਜੰਸੀਆਂ ਦਰਮਿਆਨ ਆਪਸੀ ਤਾਲਮੇਲ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ ਤਾਂ ਜੋ ਕਿਸਾਨਾਂ ਨੂੰ ਆਪਣੀ ਜਿਣਸ ਵੇਚਣ ਵਿੱਚ ਬੇਲੋੜੀ ਖੱਜਲ-ਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ।

ਐਸ.ਡੀ.ਐਮ. ਨੇ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮੰਡੀਆਂ ਵਿੱਚ ਆਉਣ ਵਾਲੀ ਮਿਆਰੀ ਜਿਣਸ ਦੀ ਸਮੇਂ ਸਿਰ ਖਰੀਦ, ਖਰੀਦੀ ਫ਼ਸਲ ਦੀ ਚੁਕਾਈ ਅਤੇ ਕਿਸਾਨਾਂ ਨੂੰ ਬਣਦੀ ਅਦਾਇਗੀ ਯਕੀਨੀ ਬਣਾਉਣਾ ਪ੍ਰਸ਼ਾਸਨ ਦੀ ਪ੍ਰਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਖਰੀਦ ਪ੍ਰਬੰਧਾਂ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਦੇ ਤੁਰੰਤ ਹੱਲ ਲਈ ਸਬੰਧਤ ਅਧਿਕਾਰੀਆਂ ਨੂੰ ਵਿਸ਼ੇਸ਼ ਧਿਆਨ ਦੇਣ ਲਈ ਕਿਹਾ ਗਿਆ ਹੈ।

ਰਿਚਾ ਗੋਇਲ ਨੇ ਕਿਹਾ ਕਿ ਕਿਸਾਨਾਂ ਦੀ ਮਿਹਨਤ ਨਾਲ ਪੈਦਾ ਹੋਈ ਫ਼ਸਲ ਦੀ ਸੁਚਾਰੂ ਖਰੀਦ ਕਰਵਾਉਣਾ ਪ੍ਰਸ਼ਾਸਨ ਦੀ ਅਹਿਮ ਜ਼ਿੰਮੇਵਾਰੀ ਹੈ। ਉਨ੍ਹਾਂ ਕਿਸਾਨਾਂ, ਆੜ੍ਹਤੀਆਂ, ਖਰੀਦ ਏਜੰਸੀਆਂ ਅਤੇ ਮੰਡੀ ਪ੍ਰਬੰਧਕਾਂ ਨੂੰ ਆਪਸੀ ਸਹਿਯੋਗ ਬਣਾਈ ਰੱਖਣ ਦੀ ਅਪੀਲ ਕਰਦਿਆਂ ਭਰੋਸਾ ਦਿਵਾਇਆ ਕਿ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਅਤੇ ਖਰੀਦ ਕਾਰਜਾਂ ਨੂੰ ਸੁਚਾਰੂ ਰੱਖਣ ਲਈ ਪ੍ਰਸ਼ਾਸਨ ਵਚਨਬੱਧ ਹੈ

ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਦੀਪ ਕੁਮਾਰ ਜੱਗੀ ਨੇ ਪ੍ਰਸ਼ਾਸਨ ਦਾ ਧੰਨਵਾਦ ਕਰਦਿਆ ਕਿਹਾ ਕਿ ਇਸ ਸੀਜ਼ਨ ਦੌਰਾਨ ਝੋਨੇ ਦੀ ਵੱਧ ਆਮਦ ਕਾਰਨ ਮੰਡੀ ਵਿੱਚ ਖ਼ਰੀਦ ਅਤੇ ਚੁਕਾਈ ਸਬੰਧੀ ਕੁਝ ਦਿੱਕਤਾਂ ਪੇਸ਼ ਆ ਰਹੀਆਂ ਸਨ। ਐਸ.ਡੀ.ਐਮ. ਵੱਲੋਂ ਮਾਮਲੇ ਵਿੱਚ ਤੁਰੰਤ ਦਖ਼ਲ ਦੇਣ ਨਾਲ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਵੱਡੀ ਰਾਹਤ ਮਿਲੀ ਹੈ।ਇਸ ਮੌਕੇ ਤੀਰਥ ਸੋਹੀ, ਸਾਬਕਾ ਸਰਪੰਚ ਰਾਜਿੰਦਰ ਸਿੰਘ ਟੀਨਾ ਨੰਗਲ, ਖ਼ਜ਼ਾਨਚੀ ਰਜਿੰਦਰ ਸਿੰਘ ਰਾਜੂ, ਰਿੰਪੀ ਅਮਰਗੜ੍ਹ, ਸਵਰਨ ਸਿੰਘ, ਸੰਗਤ ਸਿੰਘ, ਭਿੰਦਰ ਸਿੰਘ, ਹੈਪੀ ਨਿਆਮਤਪੁਰ, ਪਾਰਸ ਸ਼ਾਹੀ, ਸੇਠੀ ਚੌਧਰੀ, ਸੰਦੀਪ ਸਿੰਗਲਾ, ਦਰਸ਼ਨ ਕੁਮਾਰ, ਬੀਰਭਾਨ ਸਿੰਘ, ਦਰਸ਼ਨ ਸਿੰਘ ਅਤੇ ਰਜਤ ਸਾਹੀ ਸਮੇਤ ਵੱਡੀ ਗਿਣਤੀ ਵਿੱਚ ਆੜ੍ਹਤੀਏ ਹਾਜ਼ਰ ਸਨ।

ਡਾ. ਅੰਬੇਡਕਰ ਸਟੂਡੈਂਟ ਫਰੰਟ ਆਫ ਇੰਡੀਆ (ਡਾਸਫੀ) ਵੱਲੋਂ ਸਫਲਤਾ ਪੂਰਵਕ ਕੱਢੀ ਗਈ ਦੋ ਰੋਜਾ ਸਮਾਜਿਕ ਪਰਿਵਰਤਨ ਸਾਇਕਿਲ ਯਾਤਰਾ



ਪਟਿਆਲਾ, 23 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੀਆਂ ਲੋਕ—ਮਾਰੂ ਨੀਤੀਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ ਅਤੇ ਸੰਵਿਧਾਨ ਦਿਵਸ, ਸਾਹਿਬ ਕਾਂਸ਼ੀ ਰਾਮ ਜੀ ਦੇ ਜੀਵਨ ਸੰਘਰਸ਼ਾਂ ਪ੍ਰਤੀ ਲੋਕਾਂ ਜਾਗਰੂਕਤਾ ਸਬੰਧੀ ਡਾ. ਅੰਬੇਡਕਰ ਸਟੂਡੈਂਟ ਫਰੰਟ ਆਫ ਇੰਡੀਡਾ (ਡਾਸਫੀ) ਵੱਲੋਂ ਪ੍ਰਧਾਨ ਪ੍ਰੀਤ ਕਾਂਸ਼ੀ ਦੀ ਅਗਵਾਈ ਵਿਚ ਫੈਕਟਰੀ ਏਰੀਆ ਵਿਖੇ ਸਥਿਤ ਸ੍ਰੀ ਗੁਰੂ ਰਵੀਦਾਸ ਬੇਗਮਪੁਰਾ ਧਾਮ ਤੋਂ ਬੀਤੇ ਦਿਨੀ ਦੋ ਰੋਜਾਂ ਸਮਾਜਿਕ ਪਰਿਵਰਤਨ ਯਾਤਰਾ ਕੱਢੀ ਗਈ ਸੀ ਜਿਸ ਨੂੰ ਕਿ ਸ਼ਹਿਰ ਦੇ ਵੱਖ ਵੱਖ ਇਲਾਕਿਆਂ ਅਤੇ ਪਿੰਡਾਂ ਦੇ ਲੋਕਾਂ ਵੱਲੋਂ ਭਰਪੂਰ ਸਮਰਥਨ ਅਤੇ ਸੰਨਮਾਨ ਦਿੱਤਾ ਗਿਆ ਹੈ । ਉਕਤ ਸਾਇਕਲ ਯਾਤਰਾ ਦੀ ਮੁੜ ਸ੍ਰੀ ਗੁਰੂ ਰਵੀਦਾਸ ਬੇਗਮਪੁਰਾ ਧਾਮ, ਫੈਕਟਰੀ ਏਰੀਆ ਵਿਖੇ ਹੀ ਆ ਕੇ ਸਮਾਪਤੀ ਕੀਤੀ ਗਈ । ਇਸ ਯਾਤਰਾ ਦੇ ਅਮਨ ਸ਼ਾਂਤੀ ਨਾਲ ਕਾਮਯਾਬ ਹੋਣ ਤੇ ਡਾਸਫੀ ਪ੍ਰਧਾਨ ਪ੍ਰੀਤ ਕਾਂਸ਼ੀ, ਸ੍ਰੀ ਗੁਰੂ ਰਵੀਦਾਸ ਟਾਈਗਰ ਫੋਰਸ ਪੰਜਾਬ ਪ੍ਰਧਾਨ ਦਰਸ਼ਨ ਕਟਾਰੀਆ, ਜ਼ਸਪਾਲ ਸਿੰਘ, ਕੇਸਰ ਸਿੰਘ, ਅਸ਼ੋਕ ਕੁਮਾਰ, ਜਰਨੈਲ ਸਿੰਘ ਸਵਾਜਪੁਰ, ਜ਼ਸਪ੍ਰੀਤ ਕੌਰ ਐਡਵੋਕੇਟ, ਕੁਸ਼ਵਿੰਦਰ ਕਲਿਆਣ ਆਦਿ ਆਗੂਆਂ ਵੱਲੋਂ ਸ੍ਰੀ ਗੁਰੂ ਰਵੀਦਾਸ ਜੀ ਦਾ ਸ਼ੁਕਰਾਨਾ ਅਦਾ ਕੀਤਾ ਗਿਆ । ਇਸ ਮੌਕੇ ਇਨ੍ਹਾ ਆਗੂਆਂ ਨੇ ਸਾਂਝੇ ਤੌਰ ਤੇ ਕਿਹਾ ਕਿ ਡਾਸਫੀ ਵੱਲੋਂ ਜਿਹੜੀ ਦੋ ਦਿਨਾਂ ਦੀ ਸਾਇਕਲ ਯਾਤਰਾ ਕੱਢੀ ਗਈ ਹੈ, ਇਸ ਦੀ ਸਫਲਤਾ ਵਿਚ ਵੱਖ ਵੱਖ ਸਮੂਹ ਆਗੂਆਂ ਅਤੇ ਮੈਂਬਰ ਸਾਹਿਬਾਨਾ ਦੀ ਮਿਹਨਤ ਅਤੇ ਸੰਘਰਸ਼ ਦਾ ਅਹਿਮ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਸਮਾਜ ਨੂੰ ਜਾਗਰੂਕ ਕਰਨ ਅਤੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਲਈ ਸੰਸਥਾ ਦੇ ਉਪਰਾਲੇ ਨਿਰੰਤਰ ਜਾਰੀ ਰਹਿਣਗੇ ।

ਇਸ ਮੌਕੇ ਰਣਧੀਰ ਸਿੰਘ, ਸ਼ਵੇਤਾ ਕਾਂਸ਼ੀ, ਲਖਵਿੰਦਰ ਕੌਰ, ਸਿਮਰਨ ਬੇਤੀ, ਮੋਤੀ ਲਾਲ, ਰਾਮ ਰਵੀਦਾਸੀਆ, ਰਾਜਵੀਰ ਸਿੰਘ ਭਵਾਨੀਗੜ੍ਹ, ਗੁਰਵਿੰਦਰ ਸਿੰਘ, ਗਗਨਦੀਪ ਸਿੰਘ, ਬਲਵਿੰਦਰ ਸਿੰਘ, ਧੰਨਾ ਸਿੰਘ, ਗੁਲਾਬ ਸਿੰਘ, ਸਤਵਿੰਦਰ ਸਿੰਘ ਕਾਲਾ ਆਦਿ ਵੱਖ ਵੱਖ ਸੰਸਥਾਵਾਂ ਦੇ ਆਗੂ ਹਾਜਰ ਸਨ ।

ਡੀ ਸੀ. ਨੇ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਦੀ ਮਹੱਤਤਾ ਬਾਰੇ ਕੀਤਾ ਜਾਗਰੂਕ



ਪਟਿਆਲਾ, 23 ਨਵੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲਾਂਗ, ਮੇਘਾਲਿਆ ਵਿਖੇ 18 ਨਵੰਬਰ 2026 ਤੱਕ ਕਰਵਾਈ ਜਾ ਰਹੀ ਐਨ.ਟੀ.ਪੀ.ਸੀ. ਸੀਨੀਅਰ ਨੈਸ਼ਨਲ ਤੀਰਅੰਦਾਜ਼ੀ ਚੈਂਪੀਅਨਸ਼ਿਪ ਵਿੱਚ ਪੰਜਾਬ ਦੇ ਤੀਰਅੰਦਾਜ਼ਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕੰਪਾਊਂਡ ਵਰਗ ਦੇ ਪੁਰਸ਼ ਅਤੇ ਮਹਿਲਾ ਟੀਮ ਮੁਕਾਬਲਿਆਂ ਵਿੱਚ ਸੋਨ ਤਮਗੇ ਜਿੱਤ ਕੇ ਸੂਬੇ ਦਾ ਨਾਮ ਰੌਸ਼ਨ ਕੀਤਾ।

ਕੰਪਾਊਂਡ ਪੁਰਸ਼ ਟੀਮ, ਜਿਸ ਵਿੱਚ ਗੁਰਨੂਰ ਸਿੰਘ, ਸੰਗਮਪ੍ਰੀਤ ਸਿੰਘ ਬਿਸਲਾ, ਉਦੈ ਕੰਬੋਜ ਅਤੇ ਸੁਖਮਨਦੀਪ ਸਿੰਘ ਸ਼ਾਮਲ ਸਨ, ਨੇ ਫਾਈਨਲ ਮੁਕਾਬਲੇ ਵਿੱਚ ਮੱਧ ਪ੍ਰਦੇਸ਼ ਦੀ ਟੀਮ ਨੂੰ ਹਰਾ ਕੇ ਸੋਨ ਤਮਗਾ ਆਪਣੇ ਨਾਮ ਕੀਤਾ।

ਇਸੇ ਤਰ੍ਹਾਂ ਕੰਪਾਊਂਡ ਮਹਿਲਾ ਟੀਮ, ਜਿਸ ਵਿੱਚ ਪਰਨੀਤ ਕੌਰ, ਜਸਵੀਰ ਕੌਰ, ਅਵਨੀਤ ਕੌਰ ਅਤੇ ਮਨਰੂਪ ਕੌਰ ਸ਼ਾਮਲ ਸਨ, ਨੇ ਫਾਈਨਲ ਵਿੱਚ ਉੱਤਰ ਪ੍ਰਦੇਸ਼ ਦੀ ਟੀਮ ਨੂੰ ਮਾਤ ਦੇ ਕੇ ਸੋਨ ਤਮਗਾ ਜਿੱਤਿਆ।

ਇਸ ਸ਼ਾਨਦਾਰ ਸਫਲਤਾ ਪਿੱਛੇ ਕੋਚ ਗੌਰਵ ਸ਼ਰਮਾ ਦੀ ਮਿਹਨਤ, ਸਹੀ ਮਾਰਗਦਰਸ਼ਨ ਅਤੇ ਖਿਡਾਰੀਆਂ ਦੀ ਲਗਨ ਤੇ ਸਮਰਪਣ ਦਾ ਅਹਿਮ ਯੋਗਦਾਨ ਰਿਹਾ। ਇਸ ਮੌਕੇ ਡਾਇਰੈਕਟਰ ਸਪੋਰਟਸ ਜੀਵਨਜੋਤ ਸਿੰਘ ਤੇਜਾ ਦੀ ਅਗਵਾਈ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ ਜਾ ਰਹੀ ਹੈ।

ਪੰਜਾਬ 'ਚ 'ਆਪ' ਦੀ ਪੁਸ਼ਤਪਨਾਹੀ ਹੇਠ ਵਿਕ ਰਿਹਾ ਨਸ਼ਾ, ਸਰਕਾਰ ਨਸ਼ਾ ਮਾਫੀਆ ਨੂੰ ਬਚਾਉਣ 'ਚ ਲੱਗੀ : ਹਰਸਿਮਰਤ ਕੌਰ ਬਾਦਲ

ਲੁਧਿਆਣਾ, 23 ਨਵੰਬਰ/ਦੁੱਗਰੀ
-ਕੌਮੀ ਪੱਤ੍ਰਿਕਾ ਬਿਊਰੋ-



ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ ਅਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਦੋਸ਼ ਲਾਇਆ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਕਥਿਤ ਪੁਸ਼ਤਪਨਾਹੀ ਹੇਠ ਨਸ਼ਿਆਂ ਦਾ ਕਾਰੋਬਾਰ ਵਧ ਰਿਹਾ ਹੈ ਅਤੇ ਸਰਕਾਰ ਨਸ਼ਾ ਤਸਕਰਾਂ ਨੂੰ ਬਚਾਉਣ ਵਿੱਚ ਲੱਗੀ ਹੋਈ ਹੈ। ਉਹ ਬੱਸੀ ਪਠਾਣਾ ਅਤੇ ਸਮਰਾਲਾ ਵਿਖੇ ਔਰਤਾਂ ਦੀਆਂ ਵਿਸ਼ਾਲ ਕਾਨਫਰੰਸਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਦਾਅਵਾ ਕੀਤਾ ਕਿ 'ਆਪ' ਨਾਲ ਜੁੜੇ ਕਈ ਆਗੂਆਂ ਅਤੇ ਵਰਕਰਾਂ ਕੋਲੋਂ ਕਰੋੜਾਂ ਰੁਪਏ ਦੇ ਨਸ਼ੇ ਬਰਾਮਦ ਹੋਣ ਦੇ ਮਾਮਲੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਖੜ੍ਹੇ ਕਰਦੇ ਹਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵਾਂਗ ਮੌਜੂਦਾ ਸਰਕਾਰ ਵੀ ਨਸ਼ਿਆਂ ਦੇ ਖ਼ਾਤਮੇ ਵਿੱਚ ਅਸਫਲ ਰਹੀ ਹੈ। ਨਸ਼ਿਆਂ ਕਾਰਨ ਆਪਣੇ ਪੁੱਤਰ ਗੁਆਉਣ ਵਾਲੀਆਂ ਮਾਵਾਂ ਦੇ ਦਰਦ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਬੁਰਾਈ ਵਿਰੁੱਧ ਸਮੂਹ ਪੰਜਾਬੀਆਂ ਨੂੰ ਇਕਜੁੱਟ ਹੋ ਕੇ ਲੜਨਾ ਪਵੇਗਾ। ਹਰਸਿਮਰਤ ਕੌਰ ਬਾਦਲ ਨੇ ਔਰਤਾਂ ਨੂੰ ਆਪਣੇ ਪਿੰਡਾਂ ਵਿੱਚ ਠੀਕਰੀ ਪਹਿਰੇ ਲਗਾਉਣ ਅਤੇ ਨਸ਼ਾ ਵੇਚਣ ਵਾਲਿਆਂ ਤੇ ਉਨ੍ਹਾਂ ਦੀ ਪੁਸ਼ਤਪਨਾਹੀ ਕਰਨ ਵਾਲਿਆਂ ਦੀ ਜਾਣਕਾਰੀ ਇਕੱਠੀ ਕਰਨ ਦੀ ਅਪੀਲ ਕੀਤੀ। ਉਨ੍ਹਾਂ ਐਲਾਨ ਕੀਤਾ ਕਿ 2027 ਵਿੱਚ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਮਹਿਲਾ ਡੀਜੀਪੀ ਦੀ ਅਗਵਾਈ ਹੇਠ ਵਿਸ਼ੇਸ਼ ਟਾਸਕ ਫੋਰਸ ਬਣਾਈ ਜਾਵੇਗੀ ਅਤੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਨੂੰਨ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਵੇਚ ਕੇ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦੀ ਵਿਵਸਥਾ ਵੀ ਕੀਤੀ ਜਾਵੇਗੀ।ਇਸ ਮੌਕੇ ਬੱਸੀ ਪਠਾਣਾ ਵਿਖੇ ਦਰਬਾਰਾ ਸਿੰਘ ਗੁਰੂ, ਡਾ. ਰਣਜੀਤ ਕੌਰ ਗੁਰੂ, ਸ਼ਰਨਜੀਤ ਸਿੰਘ ਚਨਾਰਥਲ ਅਤੇ ਅਵਤਾਰ ਸਿੰਘ ਰਈਆ ਸਮੇਤ ਕਈ ਆਗੂ ਮੌਜੂਦ ਸਨ।

ਵਾਰਡ ਨੰਬਰ 15 ਤੋਂ ਬੀਬੀ ਬਲਦੇਸ਼ ਕੌਰ ਨੇ ਪਟਿਆਲਾ ਨਗਰ ਨਿਗਮ ਚੋਣਾਂ ਲਈ ਨਾਮਜ਼ਦਗੀ ਪੱਤਰ ਕੀਤੇ ਦਾਖ਼ਲ



ਦੇਵੀਗੜ੍ਹ, 23 ਨਵੰਬਰ/ ਵਿਜੈ ਸ਼ਰਮਾ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਨਗਰ ਨਿਗਮ ਦੀਆਂ ਆਗਾਮੀ ਚੋਣਾਂ ਦੇ ਮੱਦੇਨਜ਼ਰ ਅੱਜ ਹਲਕਾ ਸਨੌਰ ਦੇ ਵਾਰਡ ਨੰਬਰ 15 ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਬਲਦੇਸ਼ ਕੌਰ, ਜੋ ਕਿ ਸਾਬਕਾ ਐਮ.ਸੀ. ਸਰਦਾਰ ਜਰਨੈਲ ਸਿੰਘ ਜੀ ਦੀ ਨੂੰਹ ਹਨ, ਨੇ ਪੀ.ਆਰ.ਟੀ.ਸੀ. ਦਫ਼ਤਰ ਵਿਖੇ ਆਪਣੇ ਨਾਮਜ਼ਦਗੀ ਪੱਤਰ ਜਮ੍ਹਾਂ ਕਰਵਾਏ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਸਰਦਾਰ ਰਜਿੰਦਰ ਸਿੰਘ ਵਿਰਕ ਖੁਦ ਉਨ੍ਹਾਂ ਦੇ ਨਾਲ ਮੌਜੂਦ ਰਹੇ ਅਤੇ ਨਾਮਜ਼ਦਗੀ ਸਬੰਧੀ ਸਮੁੱਚੀ ਪ੍ਰਕਿਰਿਆ ਆ

ਪੰਜਾਬ ਭਰ ਵਿੱਚ ਜਲਦ ਖੁੱਲ੍ਹਣਗੇ ਹੋਰ 333 ਪਿੰਡ ਕਲੀਨਿਕ: ਡਾ. ਬਲਬੀਰ ਸਿੰਘ

➢ ਪੰਜਾਬ ਦੇ ਸਿਹਤ ਮੰਤਰੀ ਵੱਲੋਂ ਦਵਾਈਆਂ ਦੀ ਘਾਟ ਵਿਰੁੱਧ ਜ਼ੀਰੋ-ਸਹਿਣਸ਼ੀਲਤਾ ਦੇ ਹੁਕਮ; ਮਰੀਜ਼ਾਂ ਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਨਾਲ ਹਮਦਰਦੀ ਨਾਲ ਪੇਸ਼ ਆਉਣ ਅਤੇ ਨਸ਼ਿਆਂ ਨਾਲ ਸਬੰਧਤ ਸ਼ੱਕੀ ਮੌਤਾਂ ਦਾ ਆਡਿਟ ਕਰਨ ਦੇ ਵੀ ਦਿੱਤੇ ਨਿਰਦੇਸ਼

➢ ਨਵੰਬਰ ਤੱਕ ਸਾਰੇ ਜ਼ਿਲ੍ਹਾ ਹਸਪਤਾਲਾਂ ਵਿੱਚ ਲੱਗਣਗੀਆਂ ਐਮ.ਆਰ.ਆਈ. ਅਤੇ ਸੀ.ਟੀ. ਸਕੈਨ ਮਸ਼ੀਨਾਂ: ਡਾ. ਬਲਬੀਰ ਸਿੰਘ



ਚੰਡੀਗੜ੍ਹ, 23 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਭਰ ਵਿੱਚ ਹੇਠਲੇ ਪੱਧਰ ਤੱਕ ਮਿਆਰੀ ਜਨਤਕ ਸਿਹਤ ਸੇਵਾਵਾਂ ਯਕੀਨੀ ਬਣਾਉਣ ਦੇ ਉਦੇਸ਼ ਨਾਲ ਇੱਕ ਹੋਰ ਫੈਸਲਾਕੁੰਨ ਕਦਮ ਚੁੱਕਦਿਆਂ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਸੂਬੇ ਭਰ ਵਿੱਚ ਹੋਰ 333 ਪਿੰਡ ਕਲੀਨਿਕ ਜਲਦ ਖੋਲ੍ਹਣ ਦਾ ਐਲਾਨ ਕੀਤਾ, ਜਿਸ ਨਾਲ ਪਿੰਡ ਕਲੀਨਿਕਾਂ ਦੀ ਕੁੱਲ ਗਿਣਤੀ 591 ਹੋ ਜਾਵੇਗੀ। ਜ਼ਿਕਰਯੋਗ ਹੈ ਕਿ ਪੰਜਾਬ ਭਰ ਵਿੱਚ 258 'ਪਿੰਡ ਕਲੀਨਿਕ' (ਪਿੰਡ ਪੱਧਰੀ ਕਲੀਨਿਕ) ਪਹਿਲਾਂ ਹੀ ਸਫਲਤਾਪੂਰਵਕ ਚੱਲ ਰਹੇ ਹਨ।

ਇਹ ਕਲੀਨਿਕ ਸ਼ਹਿਰੀ ਖੇਤਰਾਂ ਵਿੱਚ ਲੋਕਾਂ ਦੇ ਘਰਾਂ ਦੇ ਨਜ਼ਦੀਕ ਮੁੱਢਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰ ਰਹੇ ਪਹਿਲਾਂ ਤੋਂ ਹੀ ਕਾਰਜਸ਼ੀਲ 1244 ਆਮ ਆਦਮੀ ਕਲੀਨਿਕਾਂ ਤੋਂ ਵੱਖਰੇ ਹਨ।

ਇੱਥੇ ਸਿਵਲ ਸਰਜਨਾਂ ਦੀ ਸੂਬਾ ਪੱਧਰੀ ਕਾਨਫਰੰਸ ਦੀ ਪ੍ਰਧਾਨਗੀ ਕਰਦਿਆਂ ਡਾ. ਬਲਬੀਰ ਸਿੰਘ ਨੇ ਸਿਹਤ ਸੇਵਾਵਾਂ ਦੀ ਜ਼ਿਲ੍ਹਾ-ਵਾਰ ਕਾਰਗੁਜ਼ਾਰੀ ਦਾ ਜਾਇਜ਼ਾ ਲਿਆ ਅਤੇ ਜ਼ੋਰ ਦੇ ਕੇ ਕਿਹਾ ਕਿ ਲੋਕਾਂ ਦਾ ਭਰੋਸਾ ਕੁਸ਼ਲ ਡਾਕਟਰੀ ਇਲਾਜ ਅਤੇ ਹਮਦਰਦੀ ਭਰੇ ਵਤੀਰੇ- ਦੋਵਾਂ 'ਤੇ ਨਿਰਭਰ ਕਰਦਾ ਹੈ। ਉਨ੍ਹਾਂ ਡਾਕਟਰਾਂ ਅਤੇ ਹਸਪਤਾਲ ਦੇ ਸਟਾਫ਼ ਨੂੰ ਅਪੀਲ ਕੀਤੀ ਕਿ ਉਹ ਮਰੀਜ਼ਾਂ ਅਤੇ ਉਨ੍ਹਾਂ ਦੀ ਦੇਖਭਾਲ ਵਾਲੇ ਵਿਅਕਤੀਆਂ ਨਾਲ ਪੂਰੀ ਹਮਦਰਦੀ ਨਾਲ ਪੇਸ਼ ਆਉਣ, ਤਾਂ ਜੋ ਨਾਗਰਿਕਾਂ ਨੂੰ ਮਿਆਰੀ ਇਲਾਜ ਲੈਣ ਵਿੱਚ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਸਮੂਹ ਸਿਵਲ ਸਰਜਨਾਂ ਨੂੰ ਹਦਾਇਤ ਕੀਤੀ ਕਿ ਹੇਠਲੇ ਪੱਧਰ ਦੇ 'ਪਿੰਡ ਕਲੀਨਿਕਾਂ' ਤੋਂ ਲੈ ਕੇ ਜ਼ਿਲ੍ਹਾ ਹਸਪਤਾਲਾਂ ਤੱਕ ਹਰੇਕ ਸਰਕਾਰੀ ਸਿਹਤ ਸੰਸਥਾ ਵਿੱਚ ਜ਼ਰੂਰੀ ਦਵਾਈਆਂ ਅਤੇ ਮੈਡੀਕਲ ਸਟਾਫ਼ ਦੀ ਨਿਰਵਿਘਨ ਉਪਲਬਧਤਾ ਯਕੀਨੀ ਬਣਾਈ ਜਾਵੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀਆਂ ਸਿਹਤ ਪਹਿਲਕਦਮੀਆਂ ਦੇ ਉਸਾਰੂ ਪ੍ਰਭਾਵ ਨੂੰ ਉਜਾਗਰ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਆਮ ਆਦਮੀ ਕਲੀਨਿਕ—ਜਿੱਥੇ 107 ਕਿਸਮ ਦੀਆਂ ਦਵਾਈਆਂ ਅਤੇ 47 ਡਾਇਗਨੌਸਟਿਕ ਟੈਸਟ ਮੁਫ਼ਤ ਮੁਹਈਆ ਕਰਵਾਏ ਜਾਂਦੇ ਹਨ, ਕਾਫ਼ੀ ਹੱਦ ਤੱਕ ਲੋਕਾਂ ਦਾ ਭਰੋਸਾ ਜਿੱਤਣ ਵਿੱਚ ਕਾਮਯਾਬ ਰਹੇ ਹਨ। ਡਾ ਬਲਬੀਰ ਸਿੰਘ ਨੇ ਸਖ਼ਤ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਲੋਕਾਂ ਦੀਆਂ ਉਮੀਦਾਂ 'ਤੇ ਲਗਾਤਾਰ ਖਰਾ ਉਤਰਨ ਲਈ ਲਈ ਕੋਈ ਵੀ ਆਮ ਆਦਮੀ ਕਲੀਨਿਕ ਡਾਕਟਰ ਅਤੇ ਸਟਾਫ਼ ਤੋਂ ਬਿਨਾਂ ਨਹੀਂ ਰਹਿਣਾ ਚਾਹੀਦਾ।

ਡਾ. ਬਲਬੀਰ ਸਿੰਘ ਨੇ ਐਲਾਨ ਕੀਤਾ ਕਿ ਨਵੰਬਰ ਦੇ ਅੰਤ ਤੱਕ ਸਾਰੇ ਜ਼ਿਲ੍ਹਾ ਸਿਵਲ ਹਸਪਤਾਲਾਂ ਵਿੱਚ ਐਮ.ਆਰ.ਆਈ. ਅਤੇ ਸੀ.ਟੀ. ਸਕੈਨ ਮਸ਼ੀਨਾਂ ਲਗਾ ਦਿੱਤੀਆਂ ਜਾਣਗੀਆਂ। ਉਨ੍ਹਾਂ ਸਥਾਨਕ ਹਸਪਤਾਲਾਂ ਵਿੱਚ ਸੁਧਾਰ ਲਿਆਉਣ ਲਈ ਰੋਗੀ ਕਲਿਆਣ ਸਮਿਤੀ ਦੀਆਂ ਨਿਯਮਤ ਮਹੀਨਾਵਾਰ ਅਤੇ ਤਿਮਾਹੀ ਮੀਟਿੰਗਾਂ ਕਰਨ 'ਤੇ ਵੀ ਜ਼ੋਰ ਦਿੱਤਾ।

ਜਨਤਕ ਸਿਹਤ ਤਰਜੀਹਾਂ ਸਬੰਧੀ ਅਹਿਮ ਨਿਰਦੇਸ਼ ਜਾਰੀ ਕਰਦਿਆਂ ਡਾ. ਬਲਬੀਰ ਸਿੰਘ ਨੇ ਅਧਿਕਾਰੀਆਂ ਨੂੰ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਠੋਸ ਢੰਗ ਨਾਲ ਲਾਗੂ ਕਰਨ, ਪੀੜਤਾਂ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕਰਨ ਅਤੇ ਓਵਰਡੋਜ਼ ਕਾਰਨ ਹੋਣ ਵਾਲੀਆਂ ਮੌਤਾਂ ਨੂੰ ਰੋਕਣ ਲਈ ਹਰ ਸੰਭਵ ਕਦਮ ਚੁੱਕਣ ਦੇ ਹੁਕਮ ਦਿੱਤੇ। ਇਸ ਦੇ ਨਾਲ ਹੀ ਉਨ੍ਹਾਂ ਸੂਬੇ ਭਰ ਵਿੱਚ ਨਸ਼ਿਆਂ ਨਾਲ ਸਬੰਧਤ ਹਰ ਸ਼ੱਕੀ ਮੌਤ ਦਾ ਬਾਰੀਕੀ ਨਾਲ ਆਡਿਟ ਕਰਨ ਦੇ ਨਿਰਦੇਸ਼ ਦਿੱਤੇ।

ਮੁੱਖ ਮੰਤਰੀ ਸਿਹਤ ਯੋਜਨਾ—10 ਲੱਖ ਰੁਪਏ ਦੀ ਕੈਸ਼ਲੈੱਸ ਸਿਹਤ ਬੀਮਾ ਯੋਜਨਾ—ਦੀ ਸਮੀਖਿਆ ਕਰਦਿਆਂ ਸਿਹਤ ਮੰਤਰੀ ਨੇ ਯੋਗ ਲਾਭਪਾਤਰੀਆਂ ਨੂੰ ਸਿਹਤ ਬੀਮਾ ਕਾਰਡਾਂ ਦੀ ਵੰਡ ਵਿੱਚ ਤੇਜ਼ੀ ਲਿਆਉਣ ਲਈ ਸਿਵਲ ਸਰਜਨਾਂ ਨੂੰ ਢੁਕਵੀਆਂ ਹਦਾਇਤਾਂ ਜਾਰੀ ਕੀਤੀਆਂ।

ਪੰਜਾਬ ਦੇ ਐਸ.ਟੀ.ਈ.ਐਮ.ਆਈ. ਪ੍ਰੋਜੈਕਟ—ਜਿਸ ਤਹਿਤ ਦਿਲ ਦੇ ਰੋਗੀਆਂ ਨੂੰ ਸਮੇਂ ਸਿਰ ਇਲਾਜ ਮਿਲਣ ਨਾਲ ਅਨੇਕਾਂ ਜਾਨਾਂ ਬਚਾਈਆਂ ਜਾ ਰਹੀਆਂ ਹਨ—ਨੂੰ ਦੇਸ਼ ਭਰ ਵਿੱਚ ਮਿਲੀ ਮਾਨਤਾ ਦੀ ਸ਼ਲਾਘਾ ਕਰਦਿਆਂ ਸਿਹਤ ਮੰਤਰੀ ਨੇ ਐਲਾਨ ਕੀਤਾ ਕਿ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਣ ਵਾਲੇ ਡਾਕਟਰਾਂ ਅਤੇ ਪੈਰਾ-ਮੈਡੀਕਲ ਸਟਾਫ਼ ਨੂੰ ਰਸਮੀ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ।

ਕਾਨਫਰੰਸ ਦੌਰਾਨ ਡਾ. ਬਲਬੀਰ ਸਿੰਘ ਨੇ ਸੂਬੇ ਵਿੱਚ 'ਨੈਸ਼ਨਲ ਨਿਊਬੌਰਨ ਵੀਕ' ਦੀ ਸ਼ੁਰੂਆਤ ਵੀ ਕੀਤੀ ਅਤੇ ਸਿਹਤ ਵਿਭਾਗ ਦੇ ਮਾਸ ਐਜੂਕੇਸ਼ਨ ਐਂਡ ਮੀਡੀਆ ਵਿੰਗ ਵੱਲੋਂ ਨਵਜੰਮੇ ਬੱਚਿਆਂ ਦੀ ਦੇਖਭਾਲ ਬਾਰੇ ਤਿਆਰ ਕੀਤੀ ਗਈ ਇੱਕ ਜਾਗਰੂਕਤਾ ਵੀਡੀਓ ਵੀ ਜਾਰੀ ਕੀਤੀ।

ਇਸ ਤੋਂ ਪਹਿਲਾਂ ਪੰਜਾਬ ਵਿਕਾਸ ਕਮਿਸ਼ਨ ਦੇ ਮੈਂਬਰ ਅਨੁਰਾਗ ਕੁੰਡੂ ਨੇ ਸੂਬਾ ਪੱਧਰੀ ਵਿਆਪਕ ਮਰੀਜ਼ ਫੀਡਬੈਕ ਸਰਵੇਖਣ ਦੇ ਨਤੀਜੇ ਪੇਸ਼ ਕੀਤੇ, ਜਿਸ ਵਿੱਚ ਬੁਨਿਆਦੀ ਢਾਂਚੇ ਦੇ ਹਾਲੀਆ ਸੁਧਾਰਾਂ ਤੋਂ ਬਾਅਦ ਜਨਤਾ ਦੇ ਭਰੋਸੇ ਵਿੱਚ ਜ਼ਿਕਰਯੋਗ ਵਾਧਾ ਦਰਸਾਇਆ ਗਿਆ ਹੈ। ਇਨ੍ਹਾਂ ਨਤੀਜਿਆਂ ਨੂੰ ਦੇਖਦਿਆਂ ਡਾ. ਬਲਬੀਰ ਸਿੰਘ ਨੇ ਸਿਵਲ ਸਰਜਨਾਂ ਨੂੰ ਸਾਰੇ ਹਸਪਤਾਲਾਂ ਵਿੱਚ ਸੇਵਾਵਾਂ ਦੇ ਮਿਆਰਾਂ ਵਿੱਚ ਹੋਰ ਸੁਧਾਰ ਲਿਆਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ।

ਇਸ ਮੌਕੇ ਡਾ. ਬਲਬੀਰ ਸਿੰਘ ਨੇ ਸੂਬੇ ਵਿੱਚ ਮੈਡੀਕੋ-ਲੀਗਲ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣ ਲਈ ਅਧਿਕਾਰਤ ਤੌਰ 'ਤੇ ਇੱਕ ਵਿਆਪਕ 'ਮੈਡੀਕੋ-ਲੀਗਲ ਮੈਨੂਅਲ' ਵੀ ਜਾਰੀ ਕੀਤਾ। ਉਨ੍ਹਾਂ ਵੱਖ-ਵੱਖ ਸਿਹਤ ਪ੍ਰੋਗਰਾਮਾਂ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਣ ਵਾਲੇ ਜ਼ਿਲ੍ਹਿਆਂ ਦੇ ਸਿਵਲ ਸਰਜਨਾਂ ਨੂੰ ਸਨਮਾਨਿਤ ਵੀ ਕੀਤਾ ਅਤੇ ਤਰਸ ਦੇ ਆਧਾਰ 'ਤੇ ਇੱਕ ਉਮੀਦਵਾਰ ਨੂੰ ਨਿਯੁਕਤੀ ਪੱਤਰ ਵੀ ਸੌਂਪਿਆ।

ਮੀਟਿੰਗ ਵਿੱਚ ਹਾਜ਼ਰ ਪ੍ਰਮੁੱਖ ਅਧਿਕਾਰੀਆਂ ਵਿੱਚ ਡਾ. ਅਨਿਲ ਕੁਮਾਰ, ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ; ਡਾ. ਅਦਿਤੀ ਸਲਾਰੀਆ, ਡਾਇਰੈਕਟਰ ਸਿਹਤ ਸੇਵਾਵਾਂ (ਪਰਿਵਾਰ ਭਲਾਈ); ਡਾ. ਸਿੰਮੀ ਮਲਹੋਤਰਾ, ਡਾਇਰੈਕਟਰ ਈ.ਐਸ. ਆਈ.; ਅਤੇ ਡਾ. ਸੁਨੀਲ ਬਾਂਸਲ, ਡਾਇਰੈਕਟਰ ਪੀ.ਐਚ.ਐਸ.ਸੀ. ਸਮੇਤ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਸ਼ਾਮਲ ਸਨ।

ਅਮਰੀਕਾ ਤੋਂ ਡਿਪੋਰਟ ਕੀਤੇ 'ਖਾਲਿਸਤਾਨ ਫੋਰਸ' ਦੇ ਸਮਰਥਕ ਨੂੰ ਐੱਨ.ਆਈ.ਏ. ਨੇ ਦਬੋਚਿਆ

ਨਵੀਂ ਦਿੱਲੀ, 23 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੌਮੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਵੀਰਵਾਰ ਨੂੰ ਪਾਬੰਦੀਸ਼ੁਦਾ ਅਤਿਵਾਦੀ ਸੰਗਠਨ 'ਖਾਲਿਸਤਾਨ ਜ਼ਿੰਦਾਬਾਦ ਫੋਰਸ' (ਕੇ.ਜ਼ੈੱਡ.ਐੱਫ.) ਦੇ ਸਮਰਥਕ ਸੁਰਿੰਦਰ ਸਿੰਘ ਉਰਫ਼ ਠੀਕਰੀਵਾਲ ਨੂੰ ਅਮਰੀਕਾ ਤੋਂ ਡਿਪੋਰਟ ਕੀਤੇ ਜਾਣ ਮਗਰੋਂ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ (ਆਈ.ਜੀ.ਆਈ.) ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਅਮਰੀਕੀ ਅਧਿਕਾਰੀਆਂ ਵੱਲੋਂ ਹਿਰਾਸਤ ਵਿੱਚ ਲਏ ਜਾਣ ਤੋਂ ਬਾਅਦ ਭਾਰਤ ਅਤੇ ਅਮਰੀਕਾ ਸਰਕਾਰ ਦੇ ਆਪਸੀ ਤਾਲਮੇਲ ਸਦਕਾ ਉਸ ਨੂੰ ਡਿਪੋਰਟ ਕਰਕੇ ਭਾਰਤ ਲਿਆਂਦਾ ਗਿਆ। ਸੁਰਿੰਦਰ ਸਿੰਘ ਦੀ ਇਹ ਗ੍ਰਿਫ਼ਤਾਰੀ 27 ਅਪਰੈਲ, 2026 ਨੂੰ ਸ਼ੰਭੂ ਅਤੇ ਰਾਜਪੁਰਾ ਸਟੇਸ਼ਨਾਂ ਵਿਚਾਲੇ ਡੈਡੀਕੇਟਿਡ ਫਰੇਟ ਕੋਰੀਡੋਰ ਕਾਰਪੋਰੇਸ਼ਨ ਆਫ਼ ਇੰਡੀਆ ਲਿਮਟਿਡ (46339*) ਦੀ ਰੇਲਵੇ ਲਾਈਨ 'ਤੇ ਹੋਏ ਬੰਬ ਧਮਾਕੇ ਦੇ ਮਾਮਲੇ ਵਿੱਚ ਕੀਤੀ ਗਈ ਹੈ। ਜਾਂਚ ਏਜੰਸੀ ਅਨੁਸਾਰ ਇਹ ਧਮਾਕਾ ਕੇ.ਜ਼ੈੱਡ.ਐੱਫ. ਦੀਆਂ ਅਤਿਵਾਦੀ ਗਤੀਵਿਧੀਆਂ ਨੂੰ ਅੱਗੇ ਵਧਾਉਣ, ਫ਼ਿਰਕੂ ਸਦਭਾਵਨਾ ਨੂੰ ਭੰਗ ਕਰਨ ਅਤੇ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਅਸਥਿਰ ਕਰਨ ਦੀ ਸਾਜ਼ਿਸ਼ ਤਹਿਤ ਕੀਤਾ ਗਿਆ ਸੀ।

ਐੱਨ.ਆਈ.ਏ. ਸੂਤਰਾਂ ਮੁਤਾਬਕ ਜਾਂਚ ਦੌਰਾਨ ਇਹ ਤੱਥ ਸਾਹਮਣੇ ਆਇਆ ਕਿ ਰਾਜਪੁਰਾ-ਸ਼ੰਭੂ ਰੇਲਵੇ ਟਰੈਕ ਧਮਾਕੇ ਤੋਂ ਬਾਅਦ ਮੁਲਜ਼ਮ ਸੁਰਿੰਦਰ ਸਿੰਘ ਉਰਫ਼ ਠੀਕਰੀਵਾਲ ਨੇ ਆਪਣੇ ਫੇਸਬੁੱਕ ਖਾਤੇ 'ਤੇ ਇਕ ਵੀਡੀਓ ਪੋਸਟ ਕਰਕੇ ਇਸ ਘਟਨਾ ਦੀ ਵਡਿਆਈ ਅਤੇ ਹਮਾਇਤ ਕੀਤੀ ਸੀ। ਇਸ ਵੀਡੀਓ ਵਿੱਚ ਉਸ ਨੇ ਇਸ ਅਪਰਾਧਿਕ ਸਾਜ਼ਿਸ਼ ਪਿੱਛੇ ਸ਼ਾਮਲ ਮੁਲਜ਼ਮਾਂ, ਜਿਨ੍ਹਾਂ ਵਿੱਚ ਧਮਾਕਾ ਕਰਨ ਸਮੇਂ ਮਾਰਿਆ ਗਿਆ ਜਗਰੂਪ ਸਿੰਘ ਵੀ ਸ਼ਾਮਲ ਸੀ, ਦਾ ਖੁੱਲ੍ਹ ਕੇ ਸਮਰਥਨ ਕੀਤਾ ਸੀ।

ਇਸ ਤੋਂ ਇਲਾਵਾ ਮੁਲਜ਼ਮ ਨੇ ਪਾਬੰਦੀਸ਼ੁਦਾ ਅਤਿਵਾਦੀ ਜਥੇਬੰਦੀ 'ਖਾਲਿਸਤਾਨ ਜ਼ਿੰਦਾਬਾਦ ਫੋਰਸ' ਨੂੰ 'ਕੌਮੀ ਜਥੇਬੰਦੀ' ਅਤੇ ਨਾਮਜ਼ਦ ਅਤਿਵਾਦੀ ਰਣਜੀਤ ਸਿੰਘ ਉਰਫ਼ ਨੀਟਾ ਨੂੰ 'ਕੌਮ ਦਾ ਜਰਨੈਲ' ਦੱਸਿਆ ਸੀ। ਜਾਂਚ ਦੌਰਾਨ ਐੱਨ.ਆਈ.ਏ. ਵੱਲੋਂ ਮੁਲਜ਼ਮ ਖ਼ਿਲਾਫ਼ ਲੁੱਕ ਆਊਟ ਸਰਕੂਲਰ (ਐੱਲ.ਓ.ਸੀ.) ਵੀ ਜਾਰੀ ਕੀਤਾ ਗਿਆ ਸੀ, ਜਦੋਂ ਕਿ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਵੀ ਉਸ ਵਿਰੁੱਧ ਕਈ ਅਪਰਾਧਿਕ ਮਾਮਲੇ ਦਰਜ ਹਨ। ਇਸ ਗ੍ਰਿਫ਼ਤਾਰੀ ਦੇ ਨਾਲ ਹੀ ਐੱਨ.ਆਈ.ਏ. ਵੱਲੋਂ ਰਾਜਪੁਰਾ-ਸ਼ੰਭੂ ਧਮਾਕਾ ਕੇਸ ਵਿੱਚ ਹੁਣ ਤੱਕ ਕੁੱਲ ਅੱਠ ਮੁਲਜ਼ਮਾਂ ਨੂੰ ਕਾਬੂ ਕੀਤਾ ਜਾ ਚੁੱਕਾ ਹੈ।

ਰਾਜਪਾਲ ਨੇ ਸੌਫਟਬਾਲ ਵਿੱਚ 70ਵੀਆਂ ਨੈਸ਼ਨਲ ਸਕੂਲ ਖੇਡਾਂ ਦਾ ਉਦਘਾਟਨ ਕੀਤਾ; ਵਿਦਿਆਰਥੀਆਂ ਨੂੰ ਖੇਡਾਂ ਨੂੰ ਆਪਣੇ ਜੀਵਨ ਦਾ ਅਭਿੰਨ ਅੰਗ ਬਣਾਉਣ ਲਈ ਪ੍ਰੇਰਿਤ ਕੀਤਾ



ਚੰਡੀਗੜ੍ਹ, 23 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ, ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਚੰਡੀਗੜ੍ਹ ਵਿੱਚ ਸੌਫਟਬਾਲ ਵਿੱਚ 70ਵੀਆਂ ਨੈਸ਼ਨਲ ਸਕੂਲ ਖੇਡਾਂ (ਅੰਡਰ-19 ਲੜਕੇ ਅਤੇ ਲੜਕੀਆਂ ਦੇ ਵਰਗ) ਦਾ ਉਦਘਾਟਨ ਕੀਤਾ। ਦੇਸ਼ ਭਰ ਤੋਂ ਆਏ ਯੁਵਾ ਖਿਡਾਰੀਆਂ ਦਾ ਸੁਆਗਤ ਕਰਦੇ ਹੋਏ, ਉਨ੍ਹਾਂ ਨੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਖੇਡਾਂ ਨਾਲ ਆਤਮਵਿਸ਼ਵਾਸ, ਅਨੁਸ਼ਾਸਨ ਅਤੇ ਟੀਮ ਭਾਵਨਾ ਦਾ ਵਿਕਾਸ ਹੁੰਦਾ ਹੈ ਅਤੇ ਤੰਦਰੁਸਤ ਜੀਵਨਸ਼ੈਲੀ ਅਪਣਾਉਣ ਵਿੱਚ ਵੀ ਮਦਦ ਮਿਲਦੀ ਹੈ।

ਚੰਡੀਗੜ੍ਹ ਪ੍ਰਸ਼ਾਸਨ ਦੇ ਸਕੂਲ ਸਿੱਖਿਆ ਵਿਭਾਗ ਦੁਆਰਾ 18 ਤੋਂ 22 ਨਵੰਬਰ, 2026 ਤੱਕ ਆਯੋਜਿਤ ਇਸ ਚੈਂਪੀਅਨਸ਼ਿਪ ਵਿੱਚ 17 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ 34 ਟੀਮਾਂ ਹਿੱਸਾ ਲੈ ਰਹੀਆਂ ਹਨ। ਇਸ ਵਿੱਚ ਲਗਭਗ 650 ਖਿਡਾਰੀ, ਕੋਚ, ਟੀਮ ਮੈਨੇਜਰ ਅਤੇ ਅਧਿਕਾਰੀ ਸ਼ਾਮਲ ਹਨ।

ਸੱਤ ਸਾਲ ਦੇ ਵਕਫ਼ੇ ਬਾਅਦ ਚੰਡੀਗੜ੍ਹ ਨੂੰ ਨੈਸ਼ਨਲ ਸਕੂਲ ਖੇਡਾਂ ਦੀ ਮੇਜ਼ਬਾਨੀ ਮਿਲਣ 'ਤੇ ਪ੍ਰਸੰਨਤਾ ਵਿਅਕਤ ਕਰਦੇ ਹੋਏ ਸ਼੍ਰੀ ਕਟਾਰੀਆ ਨੇ ਕਿਹਾ ਕਿ ਅਜਿਹੇ ਮੁਕਾਬਲੇ ਯੁਵਾ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਅਤੇ ਖੇਡਾਂ ਵਿੱਚ ਅੱਗੇ ਵਧਣ ਦਾ ਅਵਸਰ ਪ੍ਰਦਾਨ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਖੇਡਾਂ ਕੇਵਲ ਮੈਡਲ ਜਿੱਤਣ ਤੱਕ ਸੀਮਿਤ ਨਹੀਂ ਹਨ, ਬਲਕਿ ਇਨ੍ਹਾਂ ਨਾਲ ਮਿਲਜੁਲ ਕੇ ਕੰਮ ਕਰਨਾ, ਦੂਸਰਿਆਂ ਦਾ ਸਨਮਾਨ ਕਰਨਾ ਅਤੇ ਚੁਣੌਤੀਆਂ ਦਾ ਆਤਮਵਿਸ਼ਵਾਸ ਨਾਲ ਸਾਹਮਣਾ ਕਰਨਾ ਵੀ ਸਿੱਖਣ ਨੂੰ ਮਿਲਦਾ ਹੈ।

ਉਨ੍ਹਾਂ ਨੇ ਇਨ੍ਹਾਂ ਖੇਡਾਂ ਨੂੰ ਏਕ ਭਾਰਤ ਸ਼ ਸ਼ੇਸ਼ਠ ਭਾਰਤ ਦੀ ਭਾਵਨਾ ਦਾ ਪ੍ਰਤੀਕ ਦੱਸਦੇ ਹੋਏ ਕਿਹਾ ਕਿ ਅਜਿਹੇ ਆਯੋਜਨ ਵਿਭਿੰਨ ਰਾਜਾਂ, ਸੱਭਿਆਚਾਰਾਂ ਅਤੇ ਪਰੰਪਰਾਵਾਂ ਨਾਲ ਜੁੜੇ ਨੌਜਵਾਨਾਂ ਨੂੰ ਇਕੱਠੇ ਕਰਦੇ ਹਨ ਅਤੇ ਆਪਸੀ ਏਕਤਾ ਅਤੇ ਮਿੱਤਰਤਾ ਨੂੰ ਹੁਲਾਰਾ ਦਿੰਦੇ ਹਨ। ਉਨ੍ਹਾਂ ਨੇ ਖਿਡਾਰੀਆਂ ਨੂੰ ਨਿਯਮਿਤ ਅਭਿਆਸ ਕਰਨ, ਮਿਹਨਤ ਕਰਨ ਅਤੇ ਖੇਡ ਭਾਵਨਾ ਬਣਾਈ ਰੱਖਣ ਦਾ ਸੰਦੇਸ਼ ਦਿੱਤਾ।

ਕੇਂਦਰ ਸਰਕਾਰ ਦੀਆਂ ਖੇਲੋ ਇੰਡੀਆ, ਕੀਰਤੀ (KIRTI), ਟੌਪਸ (TOPS) ਅਤੇ ਫਿੱਟ ਇੰਡੀਆ ਜਿਹੀਆਂ ਪਹਿਲਾਂ ਦਾ ਉਲੇਖ ਕਰਦੇ ਹੋਏ ਰਾਜਪਾਲ ਨੇ ਕਿਹਾ ਕਿ ਇਨ੍ਹਾਂ ਪ੍ਰੋਗਰਾਮਾਂ ਨਾਲ ਯੁਵਾ ਖਿਡਾਰੀਆਂ ਨੂੰ ਬਿਹਤਰ ਟ੍ਰੇਨਿੰਗ ਅਤੇ ਅੱਗੇ ਵਧਣ ਦੇ ਅਵਸਰ ਮਿਲ ਰਹੇ ਹਨ। ਉਨ੍ਹਾਂ ਨੇ ਚੰਡੀਗੜ੍ਹ ਪ੍ਰਸ਼ਾਸਨ ਦੇ ਪ੍ਰਯਾਸਾਂ ਦੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਨਵੀਂ ਖੇਡ ਨੀਤੀ ਦੇ ਤਹਿ

ਟਾਟਾ ਟਰੱਸਟ 'ਚ ਪਰਿਵਾਰ ਦੇ ਕੰਟਰੋਲ ਨੂੰ ਲੈ ਕੇ ਵਿਵਾਦ ਭੁੰਘਾ, ਨੋਏਲ ਟਾਟਾ 'ਤੇ ਜਿਮੀ ਟਾਟਾ ਨੇ ਲਾਏ ਗੰਭੀਰ ਦੋਸ਼

ਕੌਮੀ ਪੜ੍ਹਿਕਾ

ਨਵੀਂ ਦਿੱਲੀ, 23 ਨਵੰਬਰ। ਦੇਸ਼ ਦੇ ਪ੍ਰਸਿੱਧ ਕਾਰੋਬਾਰੀ ਸਮੂਹ ਟਾਟਾ 'ਚ ਲੀਡਰਸ਼ਿਪ ਅਤੇ ਮਾਲਕੀ ਕੰਟਰੋਲ ਨੂੰ ਲੈ ਕੇ ਵਿਵਾਦ ਭੁੰਘਾ ਹੁੰਦਾ ਜਾ ਰਿਹਾ ਹੈ। ਮਰਹੂਮ ਰਤਨ ਟਾਟਾ ਦੇ ਮਤਰੇਏ ਛੋਟੇ ਭਰਾ ਅਤੇ ਸਰ ਰਤਨ ਟਾਟਾ ਟਰੱਸਟ ਦੇ ਟਰੱਸਟੀ ਜਿਮੀ ਐੱਨ. ਟਾਟਾ ਨੇ ਟਾਟਾ ਟਰੱਸਟ ਦੇ ਚੇਅਰਮੈਨ ਨੋਏਲ ਟਾਟਾ 'ਤੇ ਗੰਭੀਰ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਹੈ ਕਿ ਨੋਏਲ ਟਾਟਾ ਚੈਰੀਟੇਬਲ ਸੰਸਥਾਵਾਂ 'ਚ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਸ਼ਾਮਲ ਕਰ ਕੇ ਉਨ੍ਹਾਂ ਰਾਹੀਂ ਟਾਟਾ ਸੰਜ਼ ’ਤੇ ਪਰਿਵਾਰਕ ਕੰਟਰੋਲ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਜਿਮੀ ਨੇ ਇਸ ਘਟਨਾਚੱਕਰ ਨੂੰ ਟਾਟਾ ਸਮੂਹ ਦੀ ਹੋਲਡਿੰਗ ਕੰਪਨੀ 'ਤੇ ਸੰਭਾਵੀ 'ਪਿਛਲੇ ਦਰਵਾਜ਼ਿਓਂ ਕਬਜ਼ਾ' ਕਰਨ ਦੀ ਕੋਸ਼ਿਸ਼ ਦੱਸਿਆ ਹੈ। ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਲੋਕਾਂ ਮੁਤਾਬਕ, 85 ਸਾਲਾ ਜਿਮੀ ਟਾਟਾ ਨੇ ਟਾਟਾ ਟਰੱਸਟ ਦੇ ਇਕ ਹੋਰ ਟਰੱਸਟੀ ਨਾਲ ਗੱਲਬਾਤ ਦੌਰਾਨ ਆਪਣੀਆਂ ਚਿੰਤਾਵਾਂ ਪ੍ਰਗਟਾਈਆਂ ਸਨ। ਬਾਅਦ 'ਚ ਇਸ ਟਰੱਸਟੀ ਨੇ ਹੋਰ ਮੈਂਬਰਾਂ ਨੂੰ ਵੀ ਉਨ੍ਹਾਂ ਦੇ ਵਿਚਾਰਾਂ ਤੋਂ ਜਾਣੂ ਕਰਵਾਇਆ। ਜਿਮੀ ਦਾ ਕਹਿਣਾ ਹੈ ਕਿ ਟਰੱਸਟ ਦੀ ਸਥਾਪਨਾ ਸਮਾਜ ਭਲਾਈ ਅਤੇ ਲੋਕ ਸੇਵਾ ਲਈ ਕੀਤੀ ਗਈ ਸੀ, ਨਾ ਕਿ ਕਿਸੇ ਖ਼ਾਸ ਪਰਿਵਾਰ ਦੇ ਕੰਟਰੋਲ ਨੂੰ ਮਜ਼ਬੂਤ ਕਰਨ ਲਈ। ਜਿਮੀ ਟਾਟਾ ਨੇ ਕਿਹਾ ਕਿ ਕਿਸੇ ਇਕ ਟਰੱਸਟ 'ਚ ਚੇਅਰਮੈਨ ਦੇ ਪਰਿਵਾਰ ਦੇ ਇਕ ਤੋਂ ਵੱਧ ਮੈਂਬਰਾਂ ਨੂੰ ਟਰੱਸਟੀ ਬਣਾਉਣਾ ਉਚਿਤ ਨਹੀਂ ਹੈ। ਇਸ ਨਾਲ ਟਾਟਾ ਸੰਜ਼ 'ਚ ਟਰੱਸਟ ਦੀ ਵੱਡੀ ਹਿੱਸੇਦਾਰੀ 'ਤੇ ਬਿਨਾਂ ਕਿਸੇ ਕੀਮਤ ਦੇ ਪ੍ਰਭਾਵਸ਼ਾਲੀ ਕੰਟਰੋਲ ਹਾਸਲ ਕਰਨ ਦਾ ਰਾਹ ਖੁੱਲ੍ਹਦਾ ਹੈ। ਉਨ੍ਹਾਂ ਮੁਤਾਬਕ, ਟਰੱਸਟ ਦੇ ਟਰੱਸਟੀ ਜਨਤਕ ਚੈਰੀਟੇਬਲ ਸੰਸਥਾਵਾਂ ਦੇ ਸਰਪ੍ਰਸਤ ਹਨ, ਨਾ ਕਿ ਪਰਿਵਾਰਕ ਜਾਇਦਾਦਾਂ ਦੇ ਮਾਲਕ। ਉਨ੍ਹਾਂ ਨੇ ਸਰ ਰਤਨ ਟਾਟਾ ਟਰੱਸਟ ਅਤੇ ਸਰ ਦੋਰਾਬਜੀ ਟਾਟਾ ਟਰੱਸਟ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਦੋਵਾਂ ਸੰਸਥਾਵਾਂ ਦੀ ਸਥਾਪਨਾ ਉਨ੍ਹਾਂ ਦੇ ਸੰਸਥਾਪਕਾਂ ਦੀ ਵਸੀਅਤ ਅਤੇ ਦਸਤਾਵੇਜ਼ਾਂ ਦੇ



ਆਧਾਰ 'ਤੇ ਲੋਕਾਂ ਦੀ ਭਲਾਈ ਲਈ ਕੀਤੀ ਗਈ ਸੀ। ਦੋਵਾਂ ਸੰਸਥਾਪਕਾਂ ਦੀ ਕੋਈ ਔਲਾਦ ਨਹੀਂ ਸੀ। ਇਨ੍ਹਾਂ ਟਰੱਸਟਾਂ ਦੇ ਐਲਾਨੇ ਗਏ ਮਕਸਦਾਂ 'ਚ ਗਰੀਬੀ ਖ਼ਤਮ ਕਰਨਾ ਅਤੇ ਭਾਰਤੀ ਸੱਭਿਆਚਾਰ ਦੀ ਸੰਭਾਲ ਕਰਨਾ ਸ਼ਾਮਲ ਹੈ। ਟਾਟਾ ਟਰੱਸਟ ਕੋਲ 277 ਅਰਬ ਡਾਲਰ ਦੇ ਟਾਟਾ ਸਮੂਹ ਦੀ ਹੋਲਡਿੰਗ ਕੰਪਨੀ ਟਾਟਾ ਸੰਜ਼ 'ਚ ਲੱਗਭਗ 66 ਫੀਸਦੀ ਹਿੱਸੇਦਾਰੀ ਹੈ। ਉੱਥੇ ਹੀ, ਸਰ ਰਤਨ ਟਾਟਾ ਟਰੱਸਟ ਅਤੇ ਸਰ ਦੋਰਾਬਜੀ ਟਾਟਾ ਟਰੱਸਟ ਕੋਲ ਸਾਂਝੇ ਤੌਰ 'ਤੇ ਟਾਟਾ ਸੰਜ਼ ਦੀ 51.54 ਫੀਸਦੀ ਹਿੱਸੇਦਾਰੀ ਹੈ। ਵਿਵਾਦ ਦਾ ਇਕ ਪ੍ਰਮੁੱਖ ਮੁੱਦਾ ਟਾਟਾ ਸੰਜ਼ ਨੂੰ ਸ਼ੇਅਰ ਬਾਜ਼ਾਰ 'ਚ ਸੂਚੀਬੱਧ ਕਰਨ ਦਾ ਵੀ ਹੈ। ਨੋਏਲ ਟਾਟਾ ਅਤੇ ਟਰੱਸਟੀ ਡੇਰੀਅਸ ਖੰਬਾਟਾ ਲਿਸਟਿੰਗ ਦੇ ਵਿਰੋਧ 'ਚ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜਨਤਕ ਲਿਸਟਿੰਗ ਨਾਲ ਸਮੂਹ ਦੀ ਵਿਸ਼ੇਸ਼ ਕਾਰਜਪ੍ਰਣਾਲੀ ਅਤੇ ਲੰਬੇ ਸਮੇਂ ਦੇ ਚੈਰੀਟੇਬਲ ਮਕਸਦਾਂ 'ਤੇ ਅਸਰ ਪੈ ਸਕਦਾ ਹੈ। ਉੱਥੇ ਹੀ, ਜਿਮੀ ਟਾਟਾ ਨੇ ਭਾਰਤੀ ਰਿਜ਼ਰਵ ਬੈਂਕ (ਆਰ. ਬੀ. ਆਈ.) ਤੋਂ ਟਾਟਾ ਸੰਜ਼ ਦੀ ਲਿਸਟਿੰਗ ਨਾਲ ਸਬੰਧਤ ਰੈਗੂਲੇਟਰੀ ਵਿਵਸਥਾ ਲਾਗੂ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦੀ ਦਲੀਲ ਹੈ ਕਿ ਇਸ ਨਾਲ ਪਾਰਦਰਸ਼ਤਾ ਅਤੇ ਜਵਾਬਦੇਹੀ ਵਧੇਗੀ। ਟਾਟਾ ਸੰਜ਼ ਦੇ ਚੇਅਰਮੈਨ ਐੱਨ. ਚੰਦਰਸ਼ੇਖਰਨ ਦੀ ਮੁੜ ਨਿਯੁਕਤੀ ਨੂੰ ਲੈ ਕੇ ਵੀ ਟਰੱਸਟ ਦੇ ਅੰਦਰ ਮਤਭੇਦ ਹਨ। ਨੋਏਲ ਟਾਟਾ ਅਤੇ ਡੇਰੀਅਸ ਖੰਬਾਟਾ ਨੇ ਉਨ੍ਹਾਂ ਦੇ ਅਗਲੇ ਪੰਜ ਸਾਲ ਦੇ ਕਾਰਜਕਾਲ ਦਾ ਵਿਰੋਧ ਕੀਤਾ ਹੈ। ਇਸ ਦੇ ਉਲਟ ਉਪ-ਚੇਅਰਮੈਨ ਵੇਣੂ ਸ਼੍ਰੀਨਿਵਾਸਨ ਅਤੇ ਵਿਜੇ ਸਿੰਘ ਨੇ ਨਿਰਦੇਸ਼ਕ ਮੰਡਲ ਦੇ ਫੈਸਲੇ ਦਾ ਸਮਰਥਨ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੰਪਨੀ ਨੂੰ ਆਰ. ਬੀ. ਆਈ. ਸਮੇਤ ਰੈਗੂਲੇਟਰੀ ਸੰਸਥਾਵਾਂ ਦੇ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਜਿਮੀ ਟਾਟਾ ਨੇ ਚੰਦਰਸ਼ੇਖਰਨ ਦਾ ਸਮਰਥਨ ਕਰਦਿਆਂ ਕਿਹਾ ਕਿ ਨਿਰਦੇਸ਼ਕ ਮੰਡਲ 'ਚ 4-1 ਦੇ ਬਹੁਮਤ ਨਾਲ ਉਨ੍ਹਾਂ ਦੀ ਮੁੜ ਨਿਯੁਕਤੀ ਦਾ ਸਮਰਥਨ ਕੀਤਾ ਗਿਆ ਸੀ। ਇਸ ਦੇ ਬਾਵਜੂਦ ਨੋਏਲ ਟਾਟਾ ਨੇ ਐਸੋਸੀਏਸ਼ਨ ਦੇ ਸੋਧੇ ਹੋਏ ਆਰਟੀਕਲਾਂ 'ਚ ਦਿੱਤੇ ਗਏ ਵੀਟੋ ਅਧਿਕਾਰਾਂ ਦੀ ਵਰਤੋਂ ਕਰ ਕੇ ਇਸ ਫੈਸਲੇ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਇਸ ਨੂੰ ਮਨਮਰਜ਼ੀ ਵਾਲਾ ਕਦਮ ਦੱਸਿਆ। ਜਿਮੀ ਨੇ 2013-14 ਦੇ ਆਸ-ਪਾਸ ਟਾਟਾ ਸੰਜ਼ ਦੇ ਐਸੋਸੀਏਸ਼ਨ ਦੇ ਆਰਟੀਕਲਾਂ 'ਚ ਕੀਤੀਆਂ ਗਈਆਂ ਸੋਧਾਂ 'ਤੇ ਵੀ ਸਵਾਲ ਉਠਾਏ। ਉਨ੍ਹਾਂ ਮੁਤਾਬਕ, ਇਨ੍ਹਾਂ ਬਦਲਾਵਾਂ ਨਾਲ ਟਾਟਾ ਟਰੱਸਟ ਦੇ ਚੇਅਰਮੈਨ ਨੂੰ ਨਿਰਦੇਸ਼ਕਾਂ ਦੀ ਨਾਮਜ਼ਦਗੀ ਅਤੇ ਵੀਟੋ ਵਰਗੇ ਵਿਸ਼ੇਸ਼ ਅਧਿਕਾਰ ਮਿਲ ਗਏ, ਜਿਸ ਨਾਲ ਨਿਰਦੇਸ਼ਕ ਮੰਡਲ ਦੀ ਸਾਂਝੇ ਤੌਰ 'ਤੇ ਫੈਸਲੇ ਲੈਣ ਦੀ ਸ਼ਕਤੀ ਪ੍ਰਭਾਵਿਤ ਹੋਈ। ਉਨ੍ਹਾਂ ਨੇ ਦਸੰਬਰ 'ਚ ਸਰ ਰਤਨ ਟਾਟਾ ਟਰੱਸਟ 'ਚ ਵੇਣੂ ਸ਼੍ਰੀਨਿਵਾਸਨ ਦਾ ਕਾਰਜਕਾਲ ਖ਼ਤਮ ਹੋਣ ਦਾ ਮੁੱਦਾ ਵੀ ਉਠਾਇਆ। ਜਿਮੀ ਦਾ ਦੋਸ਼ ਹੈ ਕਿ ਨੋਏਲ ਦੇ ਪੁੱਤਰ ਨੂੰ ਟਰੱਸਟ 'ਚ ਸ਼ਾਮਲ ਕਰਨ ਦਾ ਵਿਰੋਧ ਕਰਨ ਕਾਰਨ ਸ਼੍ਰੀਨਿਵਾਸਨ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਨੇ ਵਿਜੇ ਸਿੰਘ ਨੂੰ ਪਹਿਲਾਂ ਹਟਾਏ ਜਾਣ 'ਤੇ ਵੀ ਸਵਾਲ ਉਠਾਏ।

ਹਰਿਆਣਾ: ਪੁਲਸ ਹਿਰਾਸਤ 'ਚ ਵਿਅਕਤੀ ਦੀ ਮੌਤ, 6 ਮੁਲਾਜ਼ਮਾਂ ਖ਼?ਲਾਫ਼ ਮਾਮਲਾ ਦਰਜ

ਕੌਮੀ ਪੜ੍ਹਿਕਾ

ਕਰਨਾਲ 23 ਨਵੰਬਰ। ਹਰਿਆਣਾ ਦੇ ਕਰਨਾਲ ਵਿੱਚ ਪੁਲਸ ਹਿਰਾਸਤ ਵਿੱਚ ਇੱਕ ਵਿਅਕਤੀ ਦੀ ਕਥਿਤ ਮੌਤ ਦੇ ਸਬੰਧ ਵਿੱਚ ਛੇ ਪੁਲਸ ਮੁਲਾਜ਼ਮਾਂ ਖ਼?ਲਾਫ਼ ਕੇਸ ਦਰਜ ਕੀਤਾ ਗਿਆ ਹੈ। ਅਧਿਕਾਰੀਆਂ ਨੇ ਸੋਮਵਾਰ ਨੂੰ ਇਸ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮ੍ਰਿਤਕ ਦੀ ਪਛਾਣ 32 ਸਾਲਾ ਜਤਿੰਦਰ ਉਰਫ਼ ਜੈਕੀ ਵਜੋਂ ਹੋਈ ਹੈ, ਜੋ ਬਿਜਨਾ ਪਿੰਡ ਦਾ ਰਹਿਣ ਵਾਲਾ ਸੀ। ਮ੍ਰਿਤਕ ਦੇ ਪਰਿਵਾਰ ਦਾ ਦੋਸ਼ ਹੈ ਕਿ ਜਤਿੰਦਰ ਦੀ ਮੌਤ ਕੁਝ ਦਿਨ ਪਹਿਲਾਂ ਸੀਆਈਏ-2 (ਕ੍ਰਾਈਮ ਇਨਵੈਸਟੀਗੇਸ਼ਨ ਏਜੰਸੀ) ਦੇ ਕਰਮਚਾਰੀਆਂ ਦੁਆਰਾ ਹਿਰਾਸਤ ਵਿੱਚ ਲਏ ਜਾਣ ਤੋਂ ਬਾਅਦ ਹੋਈ ਸੀ। ਰਾਮ ਨਗਰ ਪੁਲਸ ਸਟੇਸ਼ਨ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਮੌਤ ਦੇ ਸਬੰਧ ਵਿੱਚ ਛੇ ਪੁਲਸ ਮੁਲਾਜ਼ਮਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਅਧਿਕਾਰੀ ਨੇ ਕਿਹਾ ਕਿ ਨਾਮਜ਼ਦ ਛੇ ਪੁਲਸ ਮੁਲਾਜ਼ਮਾਂ ਵਿੱਚ ਸੀਆਈਏ-2 ਦਾ ਇੱਕ ਇੰਸਪੈਕਟਰ ਅਤੇ ਹੈੱਡ ਕਾਂਸਟੇਬਲ ਸੰਦੀਪ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਪੁਲਸ ਮੁਲਾਜ਼ਮਾਂ ਵਿਰੁੱਧ ਭਾਰਤੀ ਦੰਡਾਵਲੀ (ਆਈਪੀਸੀ) ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ, ਜਿਸ ਵਿੱਚ 103 (1) (ਕਤਲ), 61 (ਅਪਰਾਧਿਕ ਸਾਜ਼ਿਸ਼), ਅਤੇ 127 (6) (ਗਲਤ ਕੈਦ) ਸ਼ਾਮਲ ਹਨ। ਇਸ ਘਟਨਾ ਦੀ ਨਿਆਂਇਕ ਜਾਂਚ ਸ਼ੁਰੂ ਕੀਤੀ ਗਈ ਅਤੇ ਸ਼ਨੀਵਾਰ ਨੂੰ ਇੱਕ ਨਿਆਂਇਕ ਮੈਜਿਸਟ?ਰੇਟ ਦੀ ਨਿਗਰਾਨੀ ਹੇਠ ਡਾਕਟਰਾਂ ਦੇ ਬੋਰਡ ਦੁਆਰਾ ਪੋਸਟਮਾਰਟਮ ਕੀਤਾ ਗਿਆ ਸੀ। ਮ੍ਰਿਤਕ ਦੇ ਪਰਿਵਾਰ, ਰਿਸ਼ਤੇਦਾਰਾਂ ਅਤੇ ਹੋਰਾਂ ਨੇ ਇਸ ਘਟਨਾ ਦਾ ਵਿਰੋਧ ਕਰਦੇ ਸੜਕ ਜਾਮ ਕਰ ਦਿੱਤੀ ਤੇ ਮੰਗ ਕੀਤੀ ਕਿ ਪੁਲਸ ਵਾਲਿਆਂ ਵਿਰੁੱਧ ਐਫਆਈਆਰ ਦਰਜ ਕੀਤੀ ਜਾਵੇ। ਇਹ ਮਾਮਲਾ ਮ੍ਰਿਤਕ ਦੇ ਭਰਾ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਸੀ

ਸੀ. ਆਰ. ਪੀ. ਐੱਫ. ਨੇ ਨਕਸਲ-ਰੋਕੂ ਬਟਾਲੀਅਨ ਨੂੰ ਛੱਤੀਸਗੜ੍ਹ ਤੋਂ ਹਟਾ ਕੇ ਮਣੀਪੁਰ ਭੇਜਿਆ

ਨਵੀਂ ਦਿੱਲੀ/ਰਾਏਪੁਰ 23 ਨਵੰਬਰ। ਕੇਂਦਰੀ ਰਿਜ਼ਰਵ ਪੁਲਸ ਫੋਰਸ (ਸੀ. ਆਰ. ਪੀ. ਐੱਫ.) ਨੇ ਛੱਤੀਸਗੜ੍ਹ 'ਚ ਨਕਸਲ-ਰੋਕੂ ਮੁਹਿੰਮ ਲਈ ਤਾਇਨਾਤ ਆਪਣੀ ਇਕ ਬਟਾਲੀਅਨ ਨੂੰ ਹਟਾ ਕੇ ਮਣੀਪੁਰ ਭੇਜ ਦਿੱਤਾ ਹੈ। ਇਹ ਕਿਸੇ ਕੇਂਦਰੀ ਹਥਿਆਰਬੰਦ ਪੁਲਸ ਫੋਰਸ (ਸੀ. ਏ. ਪੀ. ਐੱਫ.) ਇਕਾਈ ਦੀ ਪਹਿਲੀ ਅਜਿਹੀ ਵਾਪਸੀ ਹੈ, ਜੋ ਕੇਂਦਰ ਸਰਕਾਰ ਵੱਲੋਂ ਭਾਰਤ 'ਚ ਨਕਸਲਵਾਦ ਦੇ ਮਾਰਚ 'ਚ ਖ਼ਤਮ ਹੋਣ ਦੇ ਐਲਾਨ ਤੋਂ ਬਾਅਦ ਹੋਈ ਹੈ। ਪੱਛਮੀ ਬੰਗਾਲ ਚੋਣਾਂ, ਅਮਰਨਾਥ ਯਾਤਰਾ ਅਤੇ ਦਿੱਲੀ 'ਚ ਰੋਸ-ਮੁਜ਼ਾਹਰਿਆਂ ਵਰਗੀਆਂ ਵੱਖ-ਵੱਖ ਅੰਦਰੂਨੀ ਸੁਰੱਖਿਆ ਜ਼ਿੰਮੇਵਾਰੀਆਂ ਲਈ ਕੰਪਨੀਆਂ (ਬਟਾਲੀਅਨ ਦਾ ਹਿੱਸਾ) ਨੂੰ ਅਸਥਾਈ ਤੌਰ 'ਤੇ ਉੱਥੋਂ ਹਟਾ ਲਿਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਬਟਾਲੀਅਨ (ਲੱਗਭਗ ਇਕ ਹਜ਼ਾਰ ਜਵਾਨ) ਛੱਤੀਸਗੜ੍ਹ ਦੇ ਦੱਖਣੀ ਬਸਤਰ ਖੇਤਰ ਦੇ ਸੁਕਮਾ 'ਚ ਤਾਇਨਾਤ ਸੀ, ਜੋ ਪਹਿਲਾਂ ਮਾਓਵਾਦੀਆਂ ਦਾ ਗੜ੍ਹ ਹੋਇਆ ਕਰਦਾ ਸੀ। ਉਨ੍ਹਾਂ ਦੱਸਿਆ ਕਿ ਬੀਤੇ ਕੁਝ ਸਾਲਾਂ ਤੋਂ ਇਹ ਜਵਾਨ ਇਲਾਕੇ 'ਚ ਖੱਬੇ-ਪੱਖੀ ਅੱਤਵਾਦ (ਐੱਲ. ਡਬਲਯੂ. ਈ.) ਵਿਰੋਧੀ ਮੁਹਿੰਮ ਚਲਾ ਰਹੇ ਸਨ ਅਤੇ ਮਾਰਚ ਤੋਂ ਬਾਅਦ ਇਸ ਨੇ ਬਾਰੂਦੀ ਸੁਰੰਗਾਂ ਨੂੰ ਹਟਾਉਣ ਅਤੇ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸਿਜ਼ (ਆਈ. ਈ. ਡੀ.) ਨੂੰ ਨਕਾਰਾ ਕਰਨ ਦਾ ਕੰਮ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਸੀ. ਆਰ. ਪੀ. ਐੱਫ. ਹੈੱਡਕੁਆਰਟਰ ਨੇ ਛੱਤੀਸਗੜ੍ਹ ਤੋਂ ਇਕ 'ਜਨਰਲ ਡਿਊਟੀ' ਬਟਾਲੀਅਨ ਨੂੰ ਵਾਪਸ ਬੁਲਾਉਣ ਅਤੇ ਉਸ ਨੂੰ ਲੱਗਭਗ 3 ਸਾਲਾਂ ਤੋਂ ਜਾਤੀ ਹਿੰਸਾ 'ਚੋਂ ਲੰਘ ਰਹੇ ਉੱਤਰ-ਪੂਰਬੀ ਸੂਬੇ ਮਣੀਪੁਰ 'ਚ ਤਾਇਨਾਤ ਕਰਨ ਦਾ ਹੁਕਮ ਦਿੱਤਾ ਹੈ।

ਆਸਾਮ 'ਚ ਵਿਦੇਸ਼ੀ ਨਾਗਰਿਕ ਐਲਾਨੇ ਗਏ 1.16 ਲੱਖ ਲੋਕਾਂ ਨੂੰ ਅਜੇ ਕੱਢਣਾ ਬਾਕੀ : ਹਾਈ ਕੋਰਟ

ਗੁਵਾਹਾਟੀ 23 ਨਵੰਬਰ। ਗੁਹਾਟੀ ਹਾਈ ਕੋਰਟ ਨੇ ਕਿਹਾ ਹੈ ਕਿ ਆਸਾਮ 'ਚ ਵਿਦੇਸ਼ੀ ਐਲਾਨੇ ਗਏ 1.16 ਲੱਖ ਲੋਕਾਂ ਨੂੰ ਅਜੇ ਤੱਕ ਹਿਰਾਸਤ 'ਚ ਨਹੀਂ ਲਿਆ ਗਿਆ ਅਤੇ ਉਨ੍ਹਾਂ ਨੂੰ ਦੇਸ਼ 'ਚੋਂ ਕੱਢਣਾ ਅਜੇ ਬਾਕੀ ਹੈ। ਸੂਬੇ ਤੋਂ ਵਿਦੇਸ਼ੀਆਂ ਨੂੰ ਦੇਸ਼ ਨਿਕਾਲਾ ਦੇਣ ਸੰਬੰਧੀ ਸਥਿਤੀ ਬਹੁਤ ਹੀ ਭਿਆਨਕ ਤਸਵੀਰ ਪੇਸ਼ ਕਰਦੀ ਹੈ। ਜਸਟਿਸ ਕਲਿਆਣ ਰਾਏ ਸੁਰਾਨਾ ਤੇ ਮ੍ਰਿਦੁਲ ਕੁਮਾਰ ਕਲਿਤਾ ਦੇ ਬੈਂਚ ਨੇ ਇਕ ਵਿਦੇਸ਼ੀ ਨੂੰ ਦੇਸ਼ ਨਿਕਾਲਾ ਦੇਣ ਦੀ ਮੰਗ ਕਰਨ ਵਾਲੀ ਰਿੱਟ ਪਟੀਸ਼ਨ ਨੂੰ ਰੱਦ ਕਰਦੇ ਹੋਏ ਇਹ ਟਿੱਪਣੀ ਕੀਤੀ। ਬੈਂਚ ਨੇ ਆਪਣੇ ਫੈਸਲੇ 'ਚ ਨੋਟ ਕੀਤਾ ਕਿ ਆਸਾਮ ਸਰਕਾਰ ਨੇ ਆਪਣੇ ਹਲਫ਼ਨਾਮੇ 'ਚ ਕਿਹਾ ਹੈ ਕਿ ਇਸ ਸਾਲ 30 ਜੂਨ ਤੱਕ ਵਿਦੇਸ਼ੀ ਐਲਾਨੇ ਗਏ 116,946 ਵਿਦੇਸ਼ੀ ਅਜੇ ਤੱਕ ਫੜੇ ਨਹੀਂ ਗਏ ਤੇ ਉਨ੍ਹਾਂ ਨੂੰ ਦੇਸ਼ ਨਿਕਾਲਾ ਨਹੀਂ ਦਿੱਤਾ ਜਾ ਸਕਿਆ ਹੈ। ਬੈਂਚ ਨੇ ਇਹ ਟਿੱਪਣੀ ਚਰਾਈਦੇਵ ਜ਼ਿਲ੍ਹੇ ਦੀ ਵਾਸੀ ਪਟੀਸ਼ਨਰ ਹਮੀਦਾ ਬੇਗਮ ਦੀ ਪਟੀਸ਼ਨ 'ਤੇ ਕੀਤੀ, ਜਿਸ ਨੂੰ ਦਸੰਬਰ 2018 'ਚ ਵਿਦੇਸ਼ੀ ਟ੍ਰਿਬਿਊਨਲ ਵੱਲੋਂ ਗੈਰ-ਕਾਨੂੰਨੀ ਵਿਦੇਸ਼ੀ ਐਲਾਨਿਆ ਗਿਆ ਸੀ। ਬੇਗਮ ਨੇ ਟ੍ਰਿਬਿਊਨਲ ਦੇ ਫੈਸਲੇ ਨੂੰ ਗੁਹਾਟੀ ਹਾਈ ਕੋਰਟ 'ਚ ਚੁਣੌਤੀ ਦਿੱਤੀ ਸੀ। ਸੁਪਰੀਮ ਕੋਰਟ ਨੇ ਅਕਤੂਬਰ 2020 'ਚ ਉਸ ਦੀ ਪਟੀਸ਼ਨ ਰੱਦ ਕਰ ਦਿੱਤੀ ਸੀ। ਫਿਰ ਬੇਗਮ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ, ਜਿਸ ਨੇ ਨਵੰਬਰ 2025 'ਚ ਉਸ ਦੀ ਪਟੀਸ਼ਨ ਰੱਦ ਕਰ ਦਿੱਤੀ।

7 ਲੱਖ ਲੋਕਾਂ ਦੇ ਕੱਟੇ ਜਾਣਗੇ ਕੁਨੈਕਸ਼ਨ ! ਛੱਤੀਸਗੜ੍ਹ 'ਚ ਬਿਜਲੀ ਦਾ ਬਿੱਲ ਨਾ ਭਰਨ ਵਾਲਿਆਂ 'ਤੇ ਸਖ਼ਤ ਕਾਰਵਾਈ

ਕੌਮੀ ਪੜ੍ਹਿਕਾ

ਰਾਏਪੁਰ 23 ਨਵੰਬਰ। ਛੱਤੀਸਗੜ੍ਹ ਵਿਚ ਮੁੱਖ ਮੰਤਰੀ ਸਮਾਧਾਨ ਯੋਜਨਾ ਦੇ ਤਹਿਤ ਬਿਜਲੀ ਬਿੱਲਾਂ 'ਤੇ ਦਿੱਤੀ ਜਾਣ ਵਾਲੀ ਭਾਰੀ ਛੋਟ ਦੇ ਬਾਵਜੂਦ ਕਰੀਬ 7 ਲੱਖ ਖਪਤਕਾਰਾਂ ਨੇ ਅਜੇ ਤੱਕ ਬਿਜਲੀ ਦੇ ਬਿੱਲਾਂ ਦਾ ਭੁਗਤਾਨ ਨਹੀਂ ਕੀਤਾ। ਬਿਜਲੀ ਵੰਡ ਕੰਪਨੀ ਨੇ ਅਜਿਹੇ ਡਿਫਾਲਟਰਾਂ ਵਿਰੁੱਧ ਕਾਰਵਾਈ ਕਰਨ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਯੋਜਨਾ ਦੀ ਆਖਰੀ ਮਿਤੀ 31 ਦਸੰਬਰ, 2026 ਹੈ, ਜਿਸ ਤੋਂ ਬਾਅਦ ਜਿਹੜੇ ਖਪਤਕਾਰ ਬਕਾਇਆ ਰਕਮ ਦਾ ਭੁਗਤਾਨ ਕਰਨ ਦੀ ਅਸਫਲ ਰਹਿੰਦੇ ਹੋਣਗੇ, ਉਨ੍ਹਾਂ ਦੇ ਬਿਜਲੀ ਕੁਨੈਕਸ਼ਨ ਕੱਟ ਦਿੱਤੇ ਜਾਣਗੇ। ਬਿਜਲੀ ਕੰਪਨੀ ਤੋਂ ਸੋਮਵਾਰ ਨੂੰ ਮਿਲੀ ਜਾਣਕਾਰੀ ਮੁਤਾਬਕ ਰਾਜ ਵਿਚ 20.50 ਲੱਖ ਖਪਤਕਾਰਾਂ ਦੇ ਕੁੱਲ ?2,421 ਕਰੋੜ ਦੇ ਬਿਜਲੀ ਬਿੱਲ ਬਕਾਇਆ ਸਨ। ਮੁੱਖ ਮੰਤਰੀ ਸਮਾਧਾਨ ਯੋਜਨਾ ਦੇ ਤਹਿਤ ਹੁਣ ਤੱਕ 13.54 ਲੱਖ ਖਪਤਕਾਰਾਂ ਨੂੰ ?797 ਕਰੋੜ ਦੀ ਰਾਹਤ ਪ੍ਰਦਾਨ ਕੀਤੀ ਗਈ ਹੈ। ਇਸ ਵਿੱਚ ?352



ਕਰੋੜ ਦਾ ਮੂਲ ਬਕਾਇਆ ਅਤੇ ?445 ਕਰੋੜ ਦਾ ਸਰਚਾਰਜ ਮੁਆਫ਼ੀ ਸ਼ਾਮਲ ਹੈ। ਇਸ ਯੋਜਨਾ ਤਹਿਤ ਹੁਣ ਤੱਕ ?125.67 ਕਰੋੜ ਦੇ ਭੁਗਤਾਨ ਪ੍ਰਾਪਤ ਹੋਏ ਹਨ।ਕੰਪਨੀ ਦੇ ਅਨੁਸਾਰ, ਵਾਰ-ਵ